# ਸਰਦ ਜੰਗ ਦੇ ਬਾਅਦ ਮਨੁੱਖੀ ਅਧਿਕਾਰਾਂ ਦਾ ਹਾਲ


## ਹਰਦਿਆਲ ਬੈਂਸ


**9 ਮਈ 1992**

ਅਧਿਕਾਰਾਂ ਦੀ ਹੋਂਦ ਇਨਸਾਨੀ ਹੋਂਦ ਨਾਲ ਜੁੜੀ ਹੋਈ ਹੋਈ। ਭਾਵੇ ਸਿਆਸੀ, ਆਰਥਕ, ਸਮਾਜਿਕ ਜਾਂ ਹੋਰ ਕਿਸੇ ਵੀ ਪੱਖੋਂ ਵੇਖੀਏ ਇਹ ਹੋਂਦ ਅਧਿਕਾਰਾਂ ਤੋਂ ਅਲੱਗ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਅਧਿਕਾਰਾਂ ਨੂੰ ਇਸ ਹੋਂਦ ਜਾਂ ਹਸਤੀ ਤੋਂ ਵੱਖ ਕੀਤਾ ਜਾ ਸਕਦਾ ਹੈ। ਅਧਿਕਾਰਾਂ ਦੀ ਸਿਰਫ਼ ਕਲਪਨਾ ਕਰਨਾ ਹੀ ਇਸ ਚੀਜ਼ ਦਾ ਸਬੂਤ ਹੈ ਕਿ ਇਹ ਇਨਸਾਨੀ ਹੋਂਦ ਵਿਚੋਂ ਉਪਜਦੀ ਹੈ ਅਤੇ ਆਪਣੀ ਪੈਦਾਇਸ਼ ਦੇ ਵੇਲੇ ਤੋਂ ਹੀ ਇਹ ਇਨਸਾਨ ਦੀਆਂ ਮੰਗਾਂ ਜਾਂ ਖ਼ਾਹਸ਼ਾਂ ਦਾ ਰੂਪ ਧਾਰਦੀ ਆਈ ਹੈ। ਉਹ ਜੀਵ ਜਿਨ੍ਹਾਂ ਵਿਚ ਇਨਸਾਨੀ ਸਿਫ਼ਤ ਨਹੀਂ, ਜਿਵੇਂ ਕਿ ਪੌਦੇ ਜਾਂ ਜਾਨਵਰ, ਅਧਿਕਾਰਾਂ ਦੀ ਕਲਪਨਾ ਜਾਂ ਮੰਗ ਨਹੀਂ ਕਰ ਸਕਦੇ। ਗੈਰ ਇਨਸਾਨੀ ਜੀਵਾਂ ਨੂੰ ਜੋ ਵੀ ਹੱਕ ਹਨ ਇਨਸਾਨੀ ਅਦਾਰਿਆਂ ਦੇ ਹੀ ਦਿੱਤੇ ਹੋਏ ਹਨ। ਇਨਸਾਨਾਂ ਦੇ ਬਣਾਏ ਹੋਏ ਇਨ੍ਹਾਂ ਅਦਾਰਿਆਂ ਜਾ ਸੰਗਠਨਾਂ ਵਲੋਂ ਬਣਾਏ ਹੋਏ ਕਾਇਦਿਆਂ ਕਾਨੂੰਨਾਂ ਅਨੁਸਾਰ ਗੈਰ ਇਨਸਾਨੀ ਜੀਵਾਂ ਦੇ ਅਧਿਕਾਰਾਂ ਨੂੰ ਉਲੰਘਿਆ ਵੀ ਜਾ ਸਕਦਾ ਹੈ ਤੇ ਲਾਗੂ ਵੀ ਕੀਤਾ ਜਾ ਸਕਦਾ ਹੈ। ਸੋ, ਇਸ ਤੋਂ ਜ਼ਾਹਰ ਹੁੰਦਾ ਹੈ ਕਿ ਅਧਿਕਾਰਾਂ ਦੀ ਹੋਂਦ ਦਾ ਅਧਾਰ ਇਨਸਾਨੀ ਵਿਕਾਸ ਅਤੇ ਇਨਸਾਨੀ ਸਭਿਅਤਾ ਨਾਲ ਜੁੜਿਆ ਹੋਇਆ ਹੈ। ਅਧਿਕਾਰਾਂ ਦੀ ਗੱਲ ਕਰਦਿਆਂ ਲਫ਼ਜ਼ `ਮਨੁੱਖੀ` ਦੀ ਵਰਤੋਂ ਕਰਨਾ ਭਾਵੇਂ ਫ਼ਜ਼ੂਲ ਜਿਹੀ ਗੱਲ ਲਗਦੀ ਹੈ ਕਿਉਂਕਿ ਇਨਸਾਨਾਂ ਦੇ ਬਗੈਰ ਅਧਿਕਾਰਾਂ ਦੀ ਕਲਪਨਾ ਕਰਨਾ ਵੀ ਮੁਮਕਿਨ ਨਹੀਂ, ਲੇਕਿਨ ਤਦ ਵੀ, ਤਾਕਤ ਦੀ ਕੁਰਸੀ ਤੇ ਬੈਠਿਆਂ ਹੋਇਆਂ ਨੂੰ ਇਹ ਯਾਦ ਕਰਵਾਉਣ ਲਈ ਕਿ ਇਨਸਾਨੀ ਜ਼ਿੰਦਗੀ ਬਸਰ ਕਰਨ ਲਈ ਕਿਹੜੀਆਂ ਚੀਜ਼ਾਂ ਦੀ ਲੋੜ ਹੈ ਤੇ ਇਨਸਾਨ ਕੀ ਮੰਗਾਂ ਕਰਦੇ ਹਨ, ਇਸ ਲਫ਼ਜ਼ ਦੀ ਵਰਤੋਂ ਬੜੀ ਅਹਿਮੀਅਤ ਭਰੀ ਹੈ ਅਤੇ ਇਸ ਲਫ਼ਜ਼ ਦੀ ਵਰਤੋਂ ਦਾ ਕੋਈ ਅਰਥ ਵੀ ਇਸੇ ਪ੍ਰਸੰਗ ਵਿਚ ਹੀ ਨਿਕਲਦਾ ਹੈ।

ਪਰਿਭਾਸ਼ਾ ਪੱਖੋਂ ਵੇਖੀਏ ਤਾਂ ਅਧਿਕਾਰਾਂ ਦੀ ਉਤਪਤੀ ਲਾਜ਼ਮੀ ਹੀ ਇਹ ਮੰਨ ਕੇ ਤੁਰਦੀ ਹੈ ਕਿ ਇਨਸਾਨੀ ਤਹਿਜ਼ੀਬ ਇਸ ਹੱਦ ਤੱਕ ਤਰੱਕੀ ਕਰ ਚੁੱਕੀ ਹੋਵੇਗੀ ਕਿ ਸਾਰੇ ਇਨਸਾਨੀ ਜੀਵ ਅਧਿਕਾਰਾਂ ਨੂੰ ਅਭੰਗ ਅਤੇ ਹਾਸਲ ਹੋ ਚੁੱਕੇ ਹੋਏ ਤਸਲੀਮ ਕਰਦੇ ਹੋਣਗੇ ਅਤੇ ਇਹ ਆਮ ਜੀਵਨ ਦਾ ਅਟੁੱਟ ਹਿਸਾ ਬਣ ਗਏ ਹੋਣਗੇ। ਇਨਸਾਨਾਂ ਨੇ ਲਾਜ਼ਮੀ ਹੀ ਅਣਹੋਂਦ ਦਾ ਕਿਆਸ ਕਰ ਸਕਣ ਦਾ ਗੁਣ ਹਾਸਲ ਕਰ ਲਿਆ ਹੋਵੇਗਾ। ਇਸ ਪੜਾਅ ਦੇ ਬਾਅਦ `ਅਧਿਕਾਰਾਂ` ਦਾ ਤੱਤ ਭਾਵੇਂ ਲਾਜ਼ਮੀ ਬਦਲਦਾ ਜਾਂਦਾ ਹੈ -ਕਿਉਂਕਿ ਇਨਸਾਨੀ ਜੀਵਨ ਵਧੇਰੇ ਗੁੰਝਲਦਾਰ ਤੇ ਜਟਿਲ ਬਣਦਾ ਜਾਂਦਾ ਹੈ ਲੇਕਿਨ ਇਨਸਾਨੀ ਸਮਾਜ ਇਸ ਹਕੀਕਤ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ, ਅਤੇ ਕਰਨਾ ਵੀ ਨਹੀਂ ਚਾਹੁੰਦਾ ਹੈ, ਕਿ ਜੇਕਰ ਅਧਿਕਾਰਾਂ ਨਾਲ ਇਹ ਸ਼ਰਤ ਨਹੀਂ ਜੋੜੀ ਜਾਂਦੀ ਕਿ ਇਹ ਅਭੰਗ ਹਨ ਅਤੇ ਖੋਹੇ ਨਹੀਂ ਜਾ ਸਕਦੇ, ਤਦ ਇਹ ਸਿਰਫ਼ ਇਕ ਝੂਠ-ਮੂਠ ਦੀ ਗੱਲ ਬਣ ਕੇ ਰਹਿ ਜਾਂਦੇ ਹਨ ਜਿਨ੍ਹਾਂ ਦੀ ਹੋਂਦ ਸਿਰਫ਼ ਲਫ਼ਜ਼ਾਂ ਤੱਕ ਹੀ ਹੈ ਤੇ ਲਫ਼ਜ਼ਾਂ ਤੱਕ ਹੀ ਰਹਿੰਦੀ ਹੈ।

ਇਸ ਕਰਕੇ ਸਾਨੂੰ ਇਕ ਨਿਖੇੜਾ ਕਰਨਾਂ ਪਵੇਗਾ ਉਨ੍ਹਾਂ ਅਧਿਕਾਰਾਂ ਵਿਚ, ਜੋ ਸਿਰਫ਼ ਲਫਜ਼ਾਂ ਤੱਕ ਹੀ ਸੀਮਤ ਹਨ, ਅਤੇ ਉਨ੍ਹਾਂ ਅਧਿਕਾਰਾਂ ਵਿਚ ਜੋ ਹਾਲਾਤਾਂ ਦੀ ਉਪਜ ਵੀ ਹਨ ਤੇ ਹਾਲਾਤਾਂ ਨੂੰ ਬਦਲਣ ਵਿਚ ਵੀ ਹਿਸਾ ਪਾਉਂਦੇ ਹਨ। ਮਿਸਾਲ ਦੇ ਤੌਰ ਤੇ, ਇਨਸਾਨੀ ਜੀਵ ਸਿਰਫ਼ ਇਸ ਪੱਖੋਂ ਹੀ ਸਮਾਜਿਕ ਨਹੀਂ ਕਿ ਇਹ ਆਪਣੀ ਰੋਜ਼ੀ ਸਮਾਜਿਕ ਤਰੀਕੇ ਨਾਲ ਕਮਾਉਂਦੇ ਹਨ, ਸਗੋਂ ਜੀਵਨ ਦੇ ਹੋਰ ਸਾਰੇ ਪਹਿਲੂਆਂ ਤੋਂ ਹੀ ਉਹ ਜਾਨਵਰਾਂ ਨਾਲੋਂ ਵੱਖਰੇ ਹਨ। ਇਨਸਾਨ ਪਸ਼ੂ ਜੀਵਨ -ਜੋ ਕੁਦਰਤ ਦੇ ਰਹਿਮ ਕਰਮ ਤੇ ਨਿਰਭਰ ਹੈ ਨਾਲੋਂ ਭਿੰਨ ਹਨ ਅਤੇ ਇਨਸਾਨੀ ਜੀਵਨ ਬਸਰ ਕਰਨ ਲਈ ਲਾਜ਼ਮੀ ਸ਼ਰਤ, ਇਨਸਾਨ ਹੋਣ ਦੀ ਸ਼ਰਤ, ਸਾਰੇ ਇਨਸਾਨਾਂ ਤੇ ਲਾਉਂਦੇ ਹਨ। ਇਨਸਾਨੀ ਵਜੂਦ ਦਾ ਮੌਜੂਦ ਹੋਣਾ ਹੀ ਉਹ ਹਾਲਾਤ ਹਨ ਜੋ ਇਸ ਵੇਲੇ ਮੰਗ ਕਰ ਰਹੇ ਹਨ ਕਿ ਨਾ ਕੇਵਲ ਸਾਰੀ ਇਨਸਾਨੀ ਜ਼ਿੰਦਗੀ ਹੀ ਇਸ ਢੰਗ ਨਾਲ ਤਨਜ਼ੀਮ ਕੀਤੀ ਜਾਵੇ ਕਿ ਇਸ ਦਾ ਅਧਾਰ ਪੈਦਾਵਾਰ ਦੀ ਸਮਾਜਿਕ ਵਿਧੀ ਹੋਵੇ, ਬਲਕਿ ਉਤਪਾਦਨ ਅਤੇ ਪੁਨਰ ਉਤਪਾਦਨ ਦੇ ਫੈਸਲੇ ਕਰਨ ਵਿਚ ਵੀ ਇਨਸਾਨੀ ਜੀਵਾਂ ਨੂੰ ਪੂਰੀ ਤਰ੍ਹਾਂ ਹਰ ਹੱਕ ਹਾਸਲ ਹੋਵੇ। ਇਨਸਾਨ ਦੀ ਪੂਰੀ ਕਦਰ ਕੀਤੇ ਜਾਣ ਦੀ ਮੰਗ ਸਮਾਜੀਕਰਨ ਵਿਚੋਂ ਹੀ ਉਪਜਦੀ ਹੈ ਅਤੇ ਸਮਾਜੀਕਰਨ ਨੂੰ ਹੋਰ ਅੱਗੇ ਲਿਜਾਉਣ ਵੱਲ ਤੋਰਦੀ ਹੈ। ਅੱਜ ਕੱਲ ਦੇ ਸਮਾਜ ਵਿਚ ਜੋ ਕੁਝ ਹੋ ਰਿਹਾ ਹੈ, ਉਸ ਦੇ ਹੱਕ ਵਿਚ ਸਿਰਫ਼ ਇਹੋ ਦਲੀਲ ਦੇ ਦੇਣੀ ਹੀ ਕਾਫ਼ੀ ਨਹੀਂ ਕਿ ਜ਼ਿੰਦਗੀ ਇੰਜ ਹੀ ਚਲਦੀ ਹੁੰਦੀ ਹੈ। ਸਗੋਂ ਜ਼ਿੰਦਗੀ ਤਾਂ ਇਹ ਮੰਗ ਕਰਦੀ ਹੈ ਕਿ ਹਰ ਚੀਜ਼ ਨੂੰ ਇਸ ਨੁਕਤੇ ਤੋਂ ਵੇਖਿਆ ਜਾਵੇ ਕਿ ਮੌਜੂਦਾ ਹਾਲਾਤਾਂ ਵਿਚ ਇਨਸਾਨੀ ਅਧਿਕਾਰ ਕਿਸ ਹੱਦ ਤੱਕ ਹਾਸਲ ਹੋਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਅਧਿਕਾਰਾਂ ਦੀ ਪ੍ਰਾਪਤੀ ਦੀ ਮੰਗ ਇਹ ਵੀ ਜ਼ਾਹਰ ਕਰਦੀ ਹੈ ਕਿ ਇਨਸਾਨੀ ਹਸਤੀ ਦਾ ਵਿਕਾਸ ਵੇਲੇ ਦੀ ਸਥਿਤੀ ਨਾਲ ਕਿਸ ਹੱਦ ਤੱਕ ਮੇਲ ਖਾਂਦਾ ਹੈ। ਆਮ ਜ਼ਿੰਦਗੀ ਦੇ ਹਾਲਾਤ ਬਦਲਦੇ ਰਹਿੰਦੇ ਹਨ, ਗਤੀਮਾਨ ਹਨ ਅਤੇ ਵਿਕਸਦੇ ਹਨ। ਜੀਵਨ ਸਥਿਤੀਆਂ ਵਿਚ ਤਬਦੀਲੀ, ਗਤੀ ਅਤੇ ਵਿਕਾਸ ਦਾ ਇਹ ਸਿਲਸਿਲਾ ਆਪਣੀ ਕੁਦਰਤੀ ਤੋਰੇ ਚਲਦਾ ਜਾਂਦਾ ਹੈ। ਲੇਕਿਨ ਕੋਈ ਵਕਤ ਆਉਂਦਾ ਹੈ ਕਿ ਵਿਕਾਸ ਦੀ ਇਸ ਕੁਦਰਤੀ ਚਾਲ ਦੇ ਰਾਹ ਵਿਚ ਹਾਲਾਤ ਅੜਿੱਕਾ ਬਣ ਜਾਂਦੇ ਹਨ ਤੇ ਵਿਕਾਸ ਮੰਗ ਕਰਦਾ ਹੈ ਕਿ ਮੌਜੂਦ ਹਾਲਾਤਾਂ ਨੂੰ ਬਦਲ ਕੇ ਹੀ ਇਨਸਾਨੀ ਹਸਤੀ ਸਮੇਂ ਦੀ ਹਾਣੀ ਬਣੀ ਰਹਿ ਸਕਦੀ ਹੈ, ਸਮੇਂ ਦੀ ਤੋਰ

ਦੇ ਨਾਲ ਕਦਮ ਮਿਲਾ ਕੇ ਚਲ ਸਕਦੀ ਹੈ। ਵਿਕਾਸ ਦੀ ਕੁਦਰਤੀ ਚਾਲ ਨੂੰ ਇਕ ਨਵੀਂ ਰਫ਼ਤਾਰ ਦੇ ਕੇ ਇਨਸਾਨੀ ਹਸਤੀ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਇਕ ਨਵੀਂ ਬੁਨਿਆਦ ਰੱਖਣ ਦੀ ਮੰਗ ਜਨਮ ਲੈਂਦੀ ਹੈ। ਹਜ਼ਾਰਾਂ ਸਾਲਾਂ ਤੋਂ ਇਨਸਾਨੀ ਸ਼ਖਸੀਅਤ ਇਸੇ ਹੀ ਤਰੀਕੇ ਨਾਲ ਵਿਕਸਤ ਹੁੰਦੀ ਆਈ ਹੈ, ਬਦਲਦੀ ਆਈ ਹੈ, ਅੱਗੇ ਤੁਰਦੀ ਆਈ ਹੈ। ਪਹਿਲਾਂ ਕੀ ਮੌਜੂਦ ਸੀ ਤੇ ਇਹਦੀ ਥਾਂ ਕਿਸ ਚੀਜ਼ ਨੇ ਲਈ? ਜੇ ਤਬਦੀਲੀ ਅਤੇ ਵਿਕਾਸ ਦੇ ਇਸ ਸਿਲਸਿਲੇ ਨੂੰ ਗਹੁ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਨਵੇਂ ਨੇ ਪੁਰਾਣੇ ਦੀ ਥਾਂ ਸੰਭਾਲਣ ਲਈ ਹਮੇਸ਼ਾਂ ਹੀ ਇਕ ਇਨਕਲਾਬੀ ਢੰਗ ਵਰਤਿਆ ਤੇ ਪੁਰਾਣੇ ਨਾਲੋਂ ਕਿਨਾਰਾਕਸ਼ੀ ਕੀਤੀ। ਇਨਕਲਾਬ ਦੇ ਬਗੈਰ ਵਿਕਾਸ ਸੰਭਵ ਨਹੀਂ। ਇਨਕਲਾਬ ਆਉਂਦੇ ਹਨ, ਜ਼ਿੰਦਗੀ ਦੇ ਵਿਕਾਸ ਲਈ ਨਵੀਆਂ ਬੁਨਿਆਦਾਂ ਰੱਖਦੇ ਹਨ ਜਿਨ੍ਹਾਂ ਦੇ ਸਿਰ ਤੇ ਅੱਗੇ ਵਿਕਾਸ ਹੁੰਦਾ ਹੈ, ਅਤੇ ਫਿਰ ਕੋਈ ਐਸਾ ਵਕਤ ਆਉਂਦਾ ਹੈ ਕਿ ਇਕ ਨਵੇਂ ਇਨਕਲਾਬ ਦੀ ਲੋੜ ਪੈਂਦੀ ਹੈ ਜੋ ਮੁੜਕੇ ਇਕ ਨਵਾਂ ਅਧਾਰ ਮੁਹੱਈਆ ਕਰਦਾ ਹੈ। ਇਨਸਾਨੀ ਸ਼ਖਸੀਅਤ ਦੇ ਵਿਕਾਸ ਜਾਂ ਇਨਸਾਨੀ ਸਭਿਅਤਾ ਦੀ ਤਰੱਕੀ ਦੇ ਰਸਤੇ ਵਿਚ ਲਾਜ਼ਮੀ ਐਸੇ ਮੁਕਾਮ ਆਉਂਦੇ ਹਨ, ਐਸੇ ਵੇਲੇ ਆਉਂਦੇ ਹਨ, ਜਦ ਇਕਦਮ ਤਬਦੀਲੀਆਂ ਆਉਂਦੀਆਂ ਹਨ, ਇਨਕਲਾਬ ਵਾਪਰਦੇ ਹਨ, ਤੇ ਜਿਨ੍ਹਾਂ ਦੇ ਨਤੀਜੇ ਬੜੇ ਡੂੰਘੇ ਨਿਕਲਦੇ ਹਨ। ਮੌਜੂਦਾ ਦੌਰ ਵਿਚ ਵੀ ਇਹ ਸਿਫ਼ਤ ਮੌਜੂਦ ਹੈ।

**ਹੱਕ ਤੇ ਫ਼ਰਜ਼**

ਜ਼ਮੀਰ ਦੇ ਹੱਕ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਦੁਨੀਆ ਦੇ ਵੱਖ ਵੱਖ ਹਿਸਿਆਂ ਵਿਚ ਇਸ ਹੱਕ ਦੀ ਮੰਗ ਵੱਖ ਵੱਖ ਵੇਲਿਆਂ ਤੇ ਉਠੀ। ਹਿੰਦੁਸਤਾਨ ਵਿਚ ਜ਼ਮੀਰ ਦੇ ਹੱਕ ਦਾ ਇਤਿਹਾਸ ਬਹੁਤ ਪੁਰਾਣਾਂ ਹੈ ਤੇ ਇਹਦਾ ਤਅੱਲਕ ਹਮੇਸ਼ਾਂ ਹੀ ਅਸਲੀ ਜੀਵਨ ਨਾਲ ਰਿਹਾ ਹੈ, ਅਸਲੀ ਮਾਇਆ (ਸਾਰੇ ਸਮਾਜ ਅਤੇ ਸਾਰੀ ਕਾਇਨਾਤ ਅੰਦਰਲੀ ਹਰ ਚੀਜ਼) ਨਾਲ ਅਤੇ ਮਾਇਆ ਦੀ ਵਿਧੀ ਆਵਾਗਮਨ (ਹਰ ਸ਼ੈਅ ਦਾ ਆਉਣਾ ਤੇ ਚਲੇ ਜਾਣਾ) ਨਾਲ ਰਿਹਾ ਹੈ। ਹੱਕਾਂ ਦੀ ਪੁਰਾਤਨ ਹਿੰਦੁਸਤਾਨੀ ਸੋਚ ਮੁਤਾਬਿਕ ਵੀ ਅਤੇ ਭਗਤੀ ਲਹਿਰ ਦੇ ਵੇਲੇ ਉਭਰੇ ਖਿਆਲਾਂ ਅਨੁਸਾਰ ਵੀ ਫ਼ਰਜ਼ਾਂ ਨੂੰ ਪੂਰੇ ਕਰਨ ਲਈ ਹੱਕਾਂ ਦਾ ਹੋਣਾ ਬਹੁਤ ਲਾਜ਼ਮੀ ਸਮਝਿਆ ਗਿਆ। ਹੱਕਾਂ ਦੇ ਬਗੈਰ ਫ਼ਰਜ਼ ਤੇ ਫ਼ਰਜ਼ਾਂ ਦੇ ਬਗੈਰ ਹੱਕਾਂ ਦਾ ਵਜੂਦ ਨਹੀਂ ਰਹਿ ਸਕਦਾ। ਇਹਦੇ ਨਾਲ ਹੀ, ਮਾਇਆ ਦੇ ਅੰਦਰ ਸਮਾਜ ਦੀ ਹੋਂਦ ਦੇ ਬਗੈਰ ਹੱਕਾਂ ਅਤੇ ਫਰਜ਼ਾਂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਨਜ਼ਰੀਏ ਅਨੁਸਾਰ ਹੱਕ ਅਤੇ ਫ਼ਰਜ਼ ਸਿਰਫ਼ ਇਕ ਵਿਅਕਤੀ ਦੇ ਹੱਕ ਅਤੇ ਫ਼ਰਜ਼ ਹੀ ਨਹੀਂ ਹਨ, ਬਲਕਿ ਸਮਾਜ ਦੇ ਅੰਦਰ ਰਹਿੰਦੇ ਇਕ ਵਿਅਕਤੀ ਦੇ ਹੱਕ ਅਤੇ ਫ਼ਰਜ਼ ਹਨ। ਮਾਇਆ ਦੀ ਦੇਣ ਸਾਰਿਆਂ ਦੀ ਭਲਾਈ ਲਈ ਵਰਤਣ ਲਈ ਹੈਃ **ਸਰਬ ਜਾਨਾਹ ਸੁਖੀਨੋ ਭਵਾਨਤੂ** (ਸਾਰੇ ਲੋਕ ਖ਼ੁਸ਼ਹਾਲ ਹੋਣ)। ਮਹਾਂਭਾਰਤ ਵਿਚ ਅਰਜੁਨ ਅਤੇ ਚਿਤਰ ਸੈਨ ਵਿਚਕਾਰ ਤਕਰਾਰ ਇਸ ਨੁਕਤੇ ਨੂੰ ਸਾਹਮਣੇ ਲਿਆਉਣ ਲਈ ਹੀ ਵਰਤਿਆ ਗਿਆ ਹੈ। ਮਹਾਂਭਾਰਤ ਵਿਚ ਹੀ ਇਕ ਹੋਰ ਜਗ੍ਹਾ ਬਾਰਬਰਿਕਾ ਆਪਣੇ ਬਾਬੇ ਭੀਮ ਨੂੰ ਕੋਸਦਾ ਹੈ ਕਿ ਦਰਖ਼ਤਾਂ ਅਤੇ ਪੌਦਿਆਂ ਨੂੰ ਬਿਨਾ ਸੋਚੇ ਸਮਝੇ ਬਰਬਾਦ ਕਰਨਾ ਅਤੇ ਮਾਇਆ ਦੇ ਅੰਦਰ ਗੈਰ ਜ਼ੁੰਮੇਵਾਰੀ ਨਾਲ ਚਲਣਾ ਅਕਲਮੰਦੀ ਵਾਲਾ ਕੰਮ ਨਹੀ।

ਹੱਕਾਂ ਅਤੇ ਫ਼ਰਜ਼ਾਂ ਦਾ ਖ਼ਿਆਲ (ਸਵਾਲ) ਸਿਰਫ਼ ਮਾਇਆ ਦੇ ਸੰਦਰਭ ਅੰਦਰ ਹੀ ਪੈਦਾ ਹੋ ਸਕਦਾ ਹੈ ਅਤੇ ਵਿਅਕਤੀਗਤ ਹਿਤ ਅਤੇ ਸਮਾਜ ਦੇ ਹਿਤ ਨਾਲੋ ਨਾਲ ਚਲਦੇ ਹਨ। ੧੮ਵੀਂ ਸਦੀ ਦੇ ਫਰਾਂਸੀਸੀ ਇਨਕਲਾਬ ਨਾਲੋਂ ਭਿੰਨ, ਜੋ ਬਰਾਬਰੀ ਦੇ ਵਿਚਾਰ ਨੂੰ ਲੈ ਕੇ ਸ਼ੁਰੂ ਹੋਇਆ ਤੇ ਖ਼ਤਮ ਹੋਇਆ ਹੱਕਾਂ ਨੂੰ ਵਲਗਣਾਂ ਵਿਚ ਕੈਦ ਕਰਕੇ ਕਿਉਂਕਿ ਇਹਨੇ ਸਾਫ਼ ਤੌਰ ਤੇ ਤਸਲੀਮ ਕੀਤਾ ਕਿ ਸਮਾਜਿਕ ਭਿੰਨਤਾ ਜ਼ਰੂਰ ਚਾਹੀਦੀ ਹੈ। ਇਸਦੇ ਉਲਟ ਰਿਗ ਵੇਦ ਦਾ ਸੰਕਲਪ ਸ਼ੁਰੂ ਏਥੋਂ ਹੁੰਦਾ ਹੈ ਕਿ ਸਮਾਜੀ ਭਿੰਨਤਾ ਮੌਜੂਦ ਹੈ ਪਰ ਖ਼ਤਮ ਹੁੰਦਾ ਹੈ ਬਰਾਬਰੀ ਉਤੇ ਆ ਕੇ ਃ

*ਦੋ ਹੱਥ ਬੇਸ਼ੱਕ ਇਕੋ ਜਿਹੇ ਹਨ ਪਰ ਜੋ ਬਣਾਉਂਦੇ ਹਨ ਇਕੋ ਜਿਹਾ ਨਹੀਂ*
*ਦੋ ਗਾਈਆਂ, ਚਾਹੇ ਭੈਣਾਂ ਹੀ ਹੋਣ ਇਕੋ ਜਿਹਾ ਦੁਧ ਨਹੀਂ ਦਿੰਦੀਆਂ*
*ਦੋ ਜੌੜੇ ਬੱਚਿਆਂ ਦੀ ਤਾਕਤ ਵਿਚ ਵੀ ਫ਼ਰਕ ਹੁੰਦਾ ਹੈ*
*ਇਕੋ ਕਬੀਲੇ ਦੇ ਲੋਕਾਂ ਵਿਚ ਵੀ ਇਕੋ ਜਿਹੇ ਗੁਣ ਨਹੀਂ ਹੁੰਦੇ।*

ਇਥੇ, ਕਬੀਲੇ ਦੇ ਲੋਕ ਭਾਵੇਂ ਗੁਣ ਇਕੋ ਜਿਹੇ ਨਹੀਂ ਰੱਖਦੇ ਲੇਕਿਨ ਫਿਰ ਵੀ ਕਬੀਲੇ ਦੇ ਲੋਕ ਹਨ। ਰਿਗ ਵੇਦ ਵਿਚ ਹੀ ਕਿਸੇ ਹੋਰ ਥਾਂ ਜ਼ਿਕਰ ਹੈ ਕਿ ਇਕ ਚੰਗਾ ਰਾਜਾ ਉਹ ਹੈ ਜੋ ਵਰਣ ਵਰਗਾ ਨੇਕ ਹੋਵੇ, ਸਾਰਿਆਂ ਦੀ ਭਲਾਈ ਦਾ ਖਾਹਸ਼ਮੰਦ ਹੋਵੇ ਅਤੇ ਨਿਆਂ ਕਰਦਿਆਂ ਪੱਖਪਾਤ ਨਾ ਕਰੇ। ਬਿਲਕੁਲ, ਇਹ ਤੁਲਣਾ ਕਰਦਿਆਂ ਅਸੀਂ ਦੋ ਐਸੇ ਸਮਾਜਾਂ ਦੀ ਗੱਲ ਕਰ ਰਹੇ ਹਾਂ ਆਪਸ ਵਿਚ ਬਹੁਤ ਭਿੰਨ ਸਨ ਤੇ ਜੋ ਸਮਾਜੀ ਵਿਕਾਸ ਦੇ ਬਹੁਤ ਵੱਖੋ ਵੱਖਰੇ ਪੜਾਵਾਂ ਤੇ ਸਨ।

ਇਸ ਦੇ ਅੱਗੇ ਵੇਖੀਏ ਤਾਂ ਰਿਗ ਵੇਦ ਦੇ ਕਾਲ ਦਾ ਰਾਜਾ ਕਿਸੇ ਉਸ ਵਿਅਕਤੀ ਦਾ ਵਾਲ ਵੀ ਵਿੰਗਾ ਨਹੀ ਸੀ ਕਰ ਸਕਦਾ ਜੋ ਆਪਣਾਂ ਫ਼ਰਜ਼ ਪੂਰਾ ਕਰ ਰਿਹਾ ਹੋਵੇ। ਮਿਸਾਲ ਦੇ ਤੌਰ ਤੇ, ਰਿਗਵੇਦ ਵਿਚ ਐਸੇ ਰਾਜੇ ਦਾ ਸੰਕਲਪ ਹੀ ਨਹੀਂ ਜੋ ਸਿਰਫ਼ ਸ਼ਾਨੋ-ਸ਼ੌਕਤ ਲਈ ਹੋਵੇ। ਰਾਜਾ ਸਾਰਿਆਂ ਦੀ ਭਲਾਈ ਲਈ ਸੀ, ਅਤੇ ਸਮਾਜ ਆਪਣੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਹੀ ਰਾਜੇ ਦੀ ਚੋਣ ਕਰਦਾ ਸੀ। ਆਗੂ ਅਤੇ ਪੈਰੋਕਾਰ ਦੇ ਸੰਬੰਧਾਂ ਦੀ ਝਲਕ ਰਿਗਵੇਦ ਵਿਚ ਇੰਜ ਮਿਲਦੀ ਹੈਃ

`ਐ ਸਭਾ ਦੇ ਆਗੂ, ਸਾਡੀ ਖ਼ੁਸ਼ੀ ਅਤੇ ਆਰਾਮ ਦੀ ਖਾਤਰ ਤੂੰ ਬਦੀ ਤੋਂ ਦੂਰ ਰਹਿ, ਸਾਡੇ ਦੁਸ਼ਮਣਾਂ ਨੂੰ ਤਬਾਹ ਕਰ ਜੋ ਬਦੀ ਹਨ, ਸਾਡੇ ਪੇਟਾਂ ਨੂੰ ਚੰਗੀ ਖ਼ੁਰਾਕ ਮੁਹੱਈਆ ਕਰ, ਯੁੱਧ ਵਿਦਿਆ ਅਤੇ ਪ੍ਰਬੰਧਕੀ ਵਿਦਿਆ ਸਿੱਖ, ਸਾਰੇ ਫ਼ੌਜੀ ਅਤੇ ਸਮਾਜੀ ਅਦਾਰਿਆਂ ਦੀ ਹਿਫ਼ਾਜ਼ਤ ਕਰ।`

ਅਤੇ

`ਬਿਲਕੁਲ ਸੂਰਜ ਵਾਂਗ, ਜਿਹਦੇ ਤੇਜ ਤੋਂ ਬਦਲਾਂ ਨੂੰ ਕਾਂਬਾ ਛਿੜ ਜਾਂਦਾ ਹੈ, ਸਿਆਣਾਂ ਆਗੂ ਆਪਣੇ ਦੁਸ਼ਮਣਾਂ ਨੂੰ ਕਾਂਬਾ ਛੇੜਦਾ ਹੈ ਆਪਣੇ ਲੋਕਾਂ ਨੂੰ ਨਹੀ, ਇਹੋ ਜਿਹਾ ਸਿਆਣਾ ਆਗੂ ਮਹਾਨ ਖ਼ੁਸ਼ੀਆਂ ਹਾਸਲ ਕਰਦਾ ਹੈ`

ਚੁਣਿਆਂ ਹੋਇਆ ਆਗੂ ਜੇਕਰ ਆਪਣਾਂ ਫ਼ਰਜ਼ ਪੂਰਾ ਨਹੀਂ ਕਰਦਾ ਸੀ ਤਾਂ ਉਹਦਾ ਰਾਜ ਕਰਨ ਦਾ ਹੱਕ ਖ਼ਤਮ ਹੋ ਜਾਂਦਾ ਸੀ। ਮਹਾਂਭਾਰਤ ਦੇ ਅਨੁਸ਼ਾਸਨ ਪਰਵ ਵਿਚ, ਇਸ ਸੰਕਲਪ ਨੂੰ ਇਕ ਅਦੁਤੀ ਪਰ ਹਿੰਸਕ ਮੋੜ ਦੇ ਕੇ ਇਹ ਸਲਾਹ ਦਿਤੀ ਗਈ ਹੈ, `**ਪਰਜਾ ਨੂੰ ਉਸ ਰਾਜੇ ਦਾ ਕਤਲ ਕਰਨ ਲਈ ਹਥਿਆਰ ਚੁਕ ਲੈਣੇ ਚਾਹੀਦੇ ਹਨ ਜੋ ਉਨ੍ਹਾਂ ਦੀ ਹਿਫ਼ਾਜ਼ਤ ਨਹੀਂ ਕਰਦਾ, ਜੋ ਉਨ੍ਹਾਂ ਦੇ ਸੱਤ ਖ਼ਜ਼ਾਨਿਆਂ ਦੀ ਲੁਟ ਹੀ ਕਰਦਾ ਹੈ, ਜੋ ਸਾਰੇ ਨਿਯਮਾਂ ਨੂੰ ਖ਼ਰਾਬ ਕਰਦਾ ਹੈ, ਜੋ ਉਨ੍ਹਾਂ ਦਾ ਆਗੂ ਬਣਨ ਦੇ ਕਾਬਲ ਨਹੀਂ ਤੇ ਜੋ ਤਰਸ ਰਹਿਤ ਹੈ। ਉਹ ਰਾਜਾ ਜੋ ਲੋਕਾਂ ਨੂੰ ਕਹਿੰਦਾ ਹੈ ਕਿ ਉਹ ਉਨ੍ਹਾਂ ਦਾ ਰਖਵਾਲਾ ਹੈ ਪਰ ਰਾਖੀ ਕਰਦਾ ਨਹੀਂ ਜਾਂ ਕਰਨ ਦੇ ਕਾਬਲ ਨਹੀਂ, ਉਹਦੀ ਪਰਜਾ ਨੂੰ ਉਹਦਾ ਕਤਲ ਕਰ ਦੇਣਾ ਚਾਹੀਦਾ ਹੈ।**` ਇਸ ਤਰ੍ਹਾਂ, ਲੋਕਾਂ ਨੂੰ ਸਲਾਹ ਦਿਤੀ ਗਈ ਹੈ ਕਿ ਅਧਰਮ ਦਾ ਸਫ਼ਾਇਆ ਕਰਨਾ ਉਨ੍ਹਾਂ ਦਾ ਫ਼ਰਜ਼ ਹੈ, ਅਤੇ ਜਿਨ੍ਹਾਂ ਚੀਜ਼ਾਂ ਦੀ ਲੋਕ ਰਾਜੇ ਅਤੇ ਸਮਾਜ ਤੋਂ ਆਸ ਕਰਨ ਦੇ ਹੱਕਦਾਰ ਹਨ ਜੇ ਇਹ ਚੀਜ਼ਾਂ ਲੋਕਾਂ ਨੂੰ ਹਾਸਲ ਨਹੀਂ ਹੁੰਦੀਆਂ ਤਾਂ ਇਹ ਬਿਲਕੁਲ ਅਧਰਮ ਹੈ। ਹਿੰਦੁਸਤਾਨ ਦੀ ਸਭਿਅਤਾ ਦੇ ਕਿਸੇ ਵੀ ਮੁਕਾਮ ਤੇ ਕਦੇ ਵੀ ਇਹ ਸਵੀਕਾਰ ਨਹੀਂ ਕੀਤਾ ਗਿਆ ਕਿ ਰਾਜੇ ਕੋਲ ਰਾਜ ਕਰਨ ਦਾ ਹੱਕ ਇਲਾਹੀ ਹੈ ਤੇ ਪਰਜਾ ਵੱਲ ਉਹਦੇ ਫਰਜ਼ ਨਹੀਂ ਹਨ। ਰਾਜੇ ਨੂੰ ਰਾਜ ਕਰਨ ਦਾ ਹੱਕ ਪਰਜਾ ਵੱਲ ਸਖ਼ਤ ਜ਼ਿੰਮੇਵਾਰੀਆਂ ਨਿਭਾਉਣ ਨਾਲ ਹੀ ਹਾਸਲ ਸੀ।

ਵੇਦਾਂ ਦੇ ਸਮੇਂ ਅਤੇ ਵੇਦਾਂ ਦੇ ਬਾਅਦ ਦੇ ਸਮਿਆਂ ਦੌਰਾਨ ਪੁੱਛ ਪੜਤਾਲ, ਘੋਖ ਅਤੇ ਕਿਆਸ ਅਰਾਈਆਂ ਦਾ ਜ਼ੋਰ ਹੋਣ ਕਰਕੇ ਕਈ ਵਿਚਾਰ ਪੈਦਾ ਹੋਏ। ਮਾਇਆ ਅਤੇ ਆਵਾਗਮਨ ਦੇ ਸੰਕਲਪ ਦੇ ਨਾਲ ਨਾਲ ਮਾਇਆ ਅਭਾਵ, ਇਕ ਐਸਾ ਰੂਪ ਜਿਹਦੇ ਤੋਂ ਮਾਇਆ ਦੀ ਉਤਪਤੀ ਹੋਈ ਦਸੀ ਗਈ ਹੈ, ਅਤੇ ਸੰਮਧੀ, ਉਹ ਸਮਾਂ ਜੋ ਇਕ ਘਟਨਾ (ਜਲਵਾ) ਬੀਤ ਜਾਣ ਦੇ ਅਖੀਰ ਦਾ ਅਤੇ ਨਵੀਂ ਘਟਨਾ (ਜਲਵਾ) ਦੇ ਅਰੰਭ ਹੋਣ ਤੋਂ ਪਹਿਲਾਂ ਦਾ ਸਮਾਂ ਹੈ, ਅਤੇ ਇਹ ਵਿਚਾਰ ਜ਼ਮੀਰ ਦੇ ਹੱਕ ਦੇ ਨਾਲ ਪੂਰੀ ਮੇਲ ਖਾਂਦੇ ਵਿਚਾਰ ਸਨ। ਮਗਰੋਂ ਜਾ ਕੇ, ਜੋ ਜ਼ੋਰ ਨਾਲ ਉਪਰ ਆ ਗਏ ਉਹ ਇਨ੍ਹਾਂ ਸੰਕਲਪਾਂ ਦੀ ਵਰਤੋਂ ਸਿਰਫ਼ ਆਪਣੀ ਤਾਕਤ ਨੂੰ ਚਾਲੂ ਤੇ ਬਰਕਰਾਰ ਰੱਖਣ ਅਤੇ ਹਾਲਤਾਂ ਨੂੰ ਵਾਜਬ ਠਹਿਰਾਉਣ ਲਈ ਕਰਨ ਲੱਗ ਪਏ। ਗਿਆਨ ਹਾਸਲ ਕਰਨਾ ਮਹਿਦੂਦ ਕਰ ਦਿਤਾ ਗਿਆ ਅਤੇ ਜ਼ਮੀਰ ਦੇ ਹੱਕ ਉੱਤੇ ਗ੍ਰਹਣ ਲਾ ਦਿਤਾ ਗਿਆ। ਵੇਦਾਂ ਦੇ ਜ਼ਮਾਨੇ ਬਾਅਦ ਕਈ ਸਦੀਆਂ ਹੱਕਾਂ ਤੇ ਫਰਜ਼ਾਂ ਨੂੰ ਮਾਇਆ ਦੇ ਅਸਲੀ ਹਾਲਾਤਾਂ ਨਾਲੋਂ ਤੋੜ ਦਿਤਾ ਗਿਆ, ਅਤੇ, ਆਪਣੇ ਜੀਵਨ ਸਰੋਤ ਨਾਲੋਂ ਟੁੱਟ ਕੇ ਇਹ ਇਕ ਕਠੋਰ ਤੇ ਸਮੇਂ ਤੋਂ ਪਿਛੇ ਰਹਿ ਗਈ ਸ਼ਕਲ ਅਖਤਿਆਰ ਕਰਨ ਲਗ ਪਏ। ਜਦੋਂ ਇਹ ਅਮਲ ਸ਼ੁਰੂ ਹੋ ਗਿਆ ਤਾਂ ਹੱਕ ਅਤੇ ਫ਼ਰਜ਼ ਜਲਦੀ ਹੀ ਇਕ ਐਸੀ ਸ਼ਕਲ ਲੈ ਗਏ ਜਿਥੇ ਇਨ੍ਹਾਂ ਦਾ ਜ਼ਿਕਰ ਇਕ ਮਜਬੂਰੀ ਜਿਹੀ ਬਣਕੇ ਰਹਿ ਗਈ। ਇਨਸਾਨੀ ਸੰਤੁਸ਼ਟੀ ਦਾ ਸਾਧਨ ਨਾ ਰਹਿ ਕੇ ਇਹ ਇਨਸਾਨੀਅਤ ਦੀ ਹੱਤਕ ਅਤੇ ਨਿਘਾਰ ਦਾ ਸਾਧਨ ਬਣ ਗਏ। ਧਰਮ ਇਕ ਸਾਧਨ ਨਾ ਰਿਹਾ ਇਕ ਨਿਸ਼ਾਨਾ ਬਣ ਗਿਆ। ਹੱਕਾਂ ਤੇ ਫਰਜ਼ਾਂ ਦਾ ਸੁਰਮੇਲ ਬਦਲ ਕੇ ਇਕ ਦੂਜੇ ਤੇ ਭਾਰੂ ਹੋਣ ਦੀ ਇਕ ਕੋਸ਼ਿਸ਼ ਬਣ ਗਿਆ, ਸਹੀ ਤਾਂ ਇਹ ਹੈ ਕਿ ਤਾਕਤ ਧਾਰੀਆਂ ਦੇ ਸਿਰਫ਼ ਹੱਕ ਹੀ ਹੱਕ ਸਨ ਫ਼ਰਜ਼ ਕੋਈ ਨਾ ਰਿਹਾ ਜਦ ਕਿ ਤਾਕਤ ਧਾਰੀਆਂ ਦੇ ਸ਼ਿਕਾਰਾਂ ਦੇ ਕੋਲ ਸਿਰਫ਼ ਫ਼ਰਜ਼ ਹੀ ਰਹਿ ਗਏ ਹੱਕ ਕੋਈ ਨਾ ਰਿਹਾ। ਹੱਕਾਂ ਨੂੰ ਖ਼ਤਮ ਕਰਨ ਦਾ ਇਹ ਅਮਲ ਜਾਤੀ-ਪ੍ਰਥਾ ਦੀ ਪ੍ਰਧਾਨਤਾ ਵਿਚ ਵੀ ਵੇਖਿਆ ਜਾ ਸਕਦਾ ਹੈ ਜਿਥੇ ਜ਼ਮੀਰ ਦੇ ਹੱਕ ਮੂਹਰੇ ਇਕ ਦੀਵਾਰ ਖੜੀ ਹੋ ਗਈ ਤੇ ਕਈ ਵਾਰੀ ਤਾਂ ਜੀਵਨ ਦਾ ਹੱਕ ਵੀ ਖ਼ਤਮ ਸੀ। ਲੋਕਾਂ ਦੇ ਇਕ ਬਹੁਤ ਵੱਡੇ ਹਿਸੇ ਨੂੰ ਸਮਾਜ ਦੀ ਜ਼ੁੰਮੇਵਾਰੀ ਦੇ ਦਾਇਰੇ ਚੋ`ਹੀ ਬਾਹਰ ਨਹੀਂ ਕਰ ਦਿਤਾ ਗਿਆ (ਅਤੇ ਹਾਲੇ ਵੀ ਹੈ), ਬਲਕਿ ਔਰਤਾਂ ਨੂੰ ਸਮੁਚੇ ਤੌਰ ਤੇ ਵਿਦਿਆ ਹਾਸਲ ਕਰਨ ਦੇ ਹਰ ਹੱਕ ਤੋਂ ਜ਼ੋਰਾਜਬਰੀ ਮਹਿਰੂਮ ਕਰ ਦਿੱਤਾ ਗਿਆ ਅਤੇ ਔਰਤਾਂ ਅੱਜ ਵੀ  ਕਈ ਪਾਬੰਦੀਆਂ ਅਤੇ ਮਜਬੂਰੀਆਂ ਦਾ ਸ਼ਿਕਾਰ ਹਨ।

ਇਤਿਹਾਸਕ ਤੌਰ ਤੇ ਗੱਲ ਕਰੀਏ ਤਾਂ, ਇਹ ਕੁਦਰਤੀ ਸੀ ਕਿ ਜ਼ਿੰਦਗੀ ਦੇ ਹਾਲਾਤਾਂ ਨਾਲ ਇਸ ਕਠੋਰਤਾ ਦੀ ਕਸ਼ਮਕਸ਼ ਰਹਿਣੀ ਹੀ ਰਹਿਣੀ ਸੀ ਤੇ ਲੋਕਾਂ ਨੇ ਹੱਕਾਂ ਦੀ ਮੁੜ-ਬਿਆਨੀ ਦੀਆਂ ਕੋਸ਼ਿਸ਼ਾਂ ਵੀ ਕਰਨੀਆਂ ਹੀ ਸਨ, ਖ਼ਾਸ ਕਰ ਜ਼ਮੀਰ ਦੇ ਹੱਕ ਲਈ ਗਾਹੇ ਬਗਾਹੇ ਇਹ ਕੋਸ਼ਿਸ਼ਾਂ ਹੋਈਆਂ ਵੀ। ਭਗਤੀ ਲਹਿਰ ਸਮੇਂ ਭਗਤਾਂ ਨੇ ਸਿਰਫ਼ ਆਪਣੇ ਵਾਸਤੇ ਹੀ ਜ਼ਮੀਰ ਦੇ ਹੱਕ ਦਾ ਹੀ ਐਲਾਨ ਨਹੀਂ ਕੀਤਾ ਸਗੋਂ ਇਸ ਹੱਕ ਦੀ ਮੰਗ ਔਰਤਾਂ ਅਤੇ ਮਰਦਾਂ ਲਈ ਵੀ ਕੀਤੀ ਚਾਹੇ ਉਨ੍ਹਾਂ ਦੀ ਜਾਤ ਜਾਂ ਸਮਾਜੀ ਰੁਤਬਾ ਕੋਈ ਵੀ ਹੋਵੇ। ਅਜਿਹਾ ਕਰਦਿਆਂ ਉਨ੍ਹਾਂ ਇਕ ਵਾਰ ਫਿਰ ਜ਼ਮੀਰ ਦੇ ਹੱਕ ਨੂੰ ਸਮਾਜ ਦੇ ਹਿੱਤਾਂ ਨਾਲ ਜੋੜਿਆ। ਮਿਸਾਲ ਲਈ, ਜਿਵੇਂ ਵੇਦਾਂ ਦੇ ਜ਼ਮਾਨੇ ਦੇ ਔਰਤਾਂ ਅਤੇ ਮਰਦ ਕੁਦਰਤ ਦੇ ਤੱਤਾਂ ਬਗੈਰ ਨਹੀਂ ਸਾਰ ਸਕਦੇ ਸਨ ਅਤੇ ਇਨ੍ਹਾਂ ਦੀ ਵਰਤੋਂ ਕਰਨ ਵਿਚ ਉਹ ਨਿਪੁੰਨ ਵੀ ਸਨ, ਉਸੇ ਤਰ੍ਹਾਂ ਹੀ ਉਨ੍ਹਾਂ ਨੇ ਆਪਣੇ ਹੱਕਾਂ ਦੀ

ਬੁਨਿਆਦ ਵੀ ਉਸ ਜ਼ਮਾਨੇ ਦੇ ਸਮਾਜਿਕ ਹਾਲਾਤਾਂ ਅਨੁਸਾਰ ਹੀ ਰੱਖੀ। ਜੋ ਉਨ੍ਹਾਂ ਦੇ ਮਗਰੋਂ ਆਏ, ਖ਼ਾਸ ਕਰ ਭਗਤੀ ਲਹਿਰ ਦੇ ਵੇਲੇ, ਸਾਰਿਆਂ ਨੇ ਹੱਕਾਂ ਦਾ ਸੰਕਲਪ ਇਸ ਨੁਕਤਾ ਨਿਗਾਹ ਨੂੰ ਸਾਹਮਣੇ ਰੱਖ ਕੇ ਕੀਤਾ ਕਿ ਵੇਲੇ ਹਾਲਾਤ ਕੀ ਸਨ। 1857 ਦੇ ਦੇਸ਼ ਭਗਤਾਂ ਅਤੇ ਹੋਰਨਾਂ ਬਾਰੇ ਵੀ ਇਹੋ ਹੀ ਕਿਹਾ ਜਾ ਸਕਦਾ ਹੈ ਜਿਨ੍ਹਾਂ ਦੇ ਵੇਲੇ ਦੇ ਹਾਲਾਤਾਂ ਨੇ ਉਨ੍ਹਾਂ ਨੂੰ ਬਰਤਾਨਵੀ ਬਸਤੀਵਾਦੀ ਤਾਕਤ ਨਾਲ ਸਮਝੌਤਾ ਕਰਨ ਦੀ ਕਦੇ ਵੀ ਆਗਿਆ ਨਹੀਂ ਦਿਤੀ। ਦਰਅਸਲ, ਹਿੰਦੁਸਤਾਨ ਦੇ ਲੋਕਾਂ ਨੇ ਆਜ਼ਾਦੀ ਲੈਣਾ ਆਪਣਾ ਜਨਮ ਸਿਧ ਹੱਕ ਇਸ ਕਰਕੇ ਸਮਝਿਆ ਕਿਉਂਕਿ ਹਾਲਾਤ ਇਹ ਸਨ ਕਿ ਉਨ੍ਹਾਂ ਨੂੰ ਬਸਤੀ ਵਾਦੀਆਂ ਨੇ ਗੁਲਾਮ ਬਣਾਇਆ ਹੋਇਆ ਸੀ।

ਅੱਜ ਦੇ ਹਿੰਦੁਸਤਾਨੀ ਹਾਕਮਾਂ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਇਸ ਵੇਲੇ ਵੀ ਹਿੰਦੁਸਤਾਨ ਦੇ ਲੋਕਾਂ ਦਾ ਇਹ ਹੱਕ ਬੁਲੰਦ ਕਰਨਾ ਜਾਇਜ਼ ਹੈ ਕਿ ਉਹ ਆਪਣੇ ਉੱਤੇ ਹੁੰਦੇ ਜਬਰ ਅਤੇ ਜ਼ੁਲਮ ਦੇ ਹਾਲਾਤ ਨੂੰ ਪਲਟਾ ਦੇਣਗੇ। ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੱਕਾਂ ਦੇ ਹੱਕ ਵਿਚ ਸੱਭ ਤੋਂ ਵੱਡੀ ਦਲੀਲ ਬੰਦੇ ਦੀ ਹੋਂਦ ਹੈ।

ਜ਼ਮੀਰ ਦੇ ਹੱਕ ਦੇ ਇਤਿਹਾਸ ਵਿਚ, ਕੋਈ ਵੀ ਹਿੰਦੁਸਤਾਨੀ ਇਹ ਨਹੀਂ ਭੁਲ ਸਕਦਾ ਕਿ ਜਿਸ ਵੇਲੇ ਬਹਾਦਰ ਸ਼ਾਹ ਜਫ਼ਰ ਹਿੰਦੁਸਤਾਨੀਆਂ ਦੇ ਆਪਣੇ ਸਿਸਟਮ ਨੂੰ ਆਪ ਚੁਣਨ ਦੇ ਹੱਕ ਲਈ ਲੜਿਆ ਤਾਂ ਬਰਤਾਨਵੀਆਂ ਨੇ ਉਹਦੀ ਬਗਾਵਤ ਨੂੰ ਕੁਚਲ ਦਿਤਾ ਸੀ ਤੇ ਉਹਨੂੰ ਜਲਾਵਤਨ ਕਰਕੇ ਬਰਮਾ ਵਿਚ ਜੇਲ੍ਹ ਦੀਆਂ ਸਲਾਖਾਂ ਦੇ ਪਿਛੇ ਬੰਦ ਕਰ ਦਿਤਾ ਜਿਥੇ ਉਹਦੀ ਮੌਤ ਹੋਈ। ਉਸ ਦੀ ਇਸ ਮੰਗ ਦਾ, ਕਿ ਇਹ ਫੈਸਲਾ ਕਰਨ ਦਾ ਹੱਕ ਲੋਕਾਂ ਕੋਲ ਹੈ ਕਿ ਉਹ ਕਿਸ ਤਰ੍ਹਾਂ ਦਾ ਸਿਸਟਮ ਚਾਹੁੰਦੇ ਹਨ, ਅੱਜ ਮੁਜ਼ਾਹਰਾ ਉਹ ਲੱਖਾਂ ਲੋਕ ਕਰ ਰਹੇ ਹਨ ਜੋ ਸਟੇਟ ਦਹਿਸ਼ਤ ਵਾਦ ਨੂੰ ਅਤੇ ਹੋਰ ਹਰ ਤਰ੍ਹਾਂ ਦੇ ਜਬਰ ਨੂੰ ਸਵੀਕਾਰ ਨਹੀਂ ਕਰਦੇ ਅਤੇ ਮੰਗ ਕਰ ਰਹੇ ਹਨ ਕਿ ਮੁਲਕ ਦੇ ਕਾਰੋਬਾਰ ਨੂੰ ਚਲਾਉਣ ਵਿਚ ਉਨ੍ਹਾਂ ਦਾ ਵੀ ਪੂਰਾ ਹੱਥ ਹੋਣਾ ਚਾਹੀਦਾ ਹੈ। ਜੇ ਅੱਜ ਤੁਲਣਾ ਕਰੀਏ ਤਾਂ ਸਾਫ਼ ਹੈ ਕਿ ਬਰਤਾਨੀਆ ਵਿਚ ਮੱਧਕਾਲੀਨ ਵਾਦ ਦੇ ਖ਼ਿਲਾਫ਼ ਜੱਦੋ-ਜਹਿਦ ਦੌਰਾਨ ਜ਼ਮੀਰ ਦਾ ਹੱਕ ਉਥੇ ਤੱਕ ਵੀ ਨਹੀਂ ਸੀ ਪਹੁੰਚ ਸਕਿਆ ਜਿਹਦੀ ਬਕਾਇਦਾ ਤੌਰ ਤੇ ਘੋਸ਼ਣਾ ਕੀਤੀ ਗਈ ਸੀ ਜਦ ਕਿ ਅਮਲ ਵਿਚ ਜਗੀਰਦਾਰਾਂ, ਕੁਲੀਨ ਵਰਗ ਅਤੇ ਵਪਾਰੀ ਤਬਕੇ ਦੇ ਹੱਕਾਂ ਦੀ ਰਾਖੀ ਬਾਕੀ ਸਾਰਿਆਂ ਦੇ ਹੱਕਾਂ ਦੀ ਬਲੀ ਦੇ ਕੇ ਕੀਤੀ ਗਈ। ਹਿੰਦੁਸਤਾਨ ਵਿਚ ਇਹ ਚੀਜ਼ ਸੰਭਵ ਨਹੀ ਕਿਉਂਕਿ ਇਕ ਹਿੰਦੁਸਤਾਨੀ ਕਦੇ ਵੀ ਹੱਕ ਨੂੰ ਉਸ ਹਾਲਾਤ ਨਾਲੋਂ ਵੱਖ ਕਰਕੇ ਨਹੀਂ ਵੇਖਦਾ ਜਿਹਦੇ ਵਿਚ ਉਹ ਰਹਿੰਦਾ ਹੈ।

ਫੋਕੀਆਂ ਰਸਮੀ ਗੱਲਾਂ ਕਿਸੇ ਦਾ ਢਿੱਡ ਨਹੀਂ ਭਰਦੀਆਂ ਅਤੇ ਨਾ ਹੀ ਆਜ਼ਾਦੀ ਨਾਲ ਆਪਣਾ ਸਿਆਸੀ ਤੇ ਆਰਥਕ ਸਿਸਟਮ ਆਪ ਚੁਣਨ ਦੀ ਤਾਂਘ ਦਾ ਖ਼ਾਤਮਾ ਕਰ ਸਕਦੀਆਂ ਹਨ। ਜਦ ਕਿ ਕਈ ਮੁਲਕਾਂ ਵਿਚ ਜ਼ਮੀਰ ਦੇ ਹੱਕ ਦੀ ਲੜਾਈ ਸਿਰਫ਼ ਰਸਮੀ ਐਲਾਨਾਂ ਤੱਕ ਹੀ ਸੀਮਤ ਕਰ ਦਿਤੀ ਗਈ ਹੈ, ਹਿੰਦੁਸਤਾਨ ਵਿਚ ਹੱਕਾਂ ਦੀ ਲੜਾਈ ਦੀਆਂ ਲਹਿਰਾਂ ਜਬਰ ਤੇ ਪਛੜੇਪਣ ਦੇ ਹਾਲਾਤਾਂ ਨੂੰ ਤਬਦੀਲ ਕਰਨ ਲਈ ਉਠ ਰਹੀਆਂ ਹਨ।

**ਵਲਗਣਾਂ ਚੋਂ ਨਿਕਲ ਕੇ ਅੱਗੇ ਵਧਣਾ**

ਦੂਸਰੀ ਸੰਸਾਰ ਜੰਗ ਦੇ ਖ਼ਾਤਮੇ ਬਾਅਦ ਦੇ 40 ਸਾਲ ਤੋਂ ਬਹੁਤੇ ਅਰਸੇ ਦੌਰਾਨ ਪਹਿਲਾਂ ਅਮਰੀਕਾ ਅਤੇ ਫਿਰ ਸੋਵੀਅਤ ਯੂਨੀਅਨ ਨੇ ਬੰਦੇ ਦੀ ਜ਼ਮੀਰ ਦੇ ਅਧਿਕਾਰ ਖ਼ਿਲਾਫ਼ ਹੱਥ ਚੁੱਕਿਆ। ਇਸ ਅਧਿਕਾਰ ਦੀ ਏਨੀ ਤੌਹੀਨ ਹੋਈ ਕਿ ਕਿਸੇ ਨੂੰ ਜ਼ਮੀਰ ਦਾ ਅਧਿਕਾਰ ਇਸ ਬੁਨਿਆਦ ਤੇ `ਮਿਲਦਾ` ਸੀ ਕਿ ਕੋਈ ਬੰਦਾ ਜਾਂ ਮੁਲਕ ਕਿਸ ਕੈਂਪ ਨਾਲ ਸਬੰਧ ਰੱਖਦਾ ਹੈ, ਕਿਸ ਧੜੇ ਦਾ ਹਾਮੀ ਹੈ। ਵਿਨਸਟਨ ਚਰਚਲ ਨੇ 5 ਮਾਰਚ 1946 ਨੂੰ ਆਪਣੀ ਆਇਰਨ ਕਰਟਨ (ਫ਼ੌਲਾਦੀ ਪਰਦਾ) ਤਕਰੀਰ ਵਿਚ ਬਕਾਇਦਾ ਤੌਰ ਤੇ ਸਰਦ ਜੰਗ ਛੇੜਨ ਦਾ ਐਲਾਨ ਕੀਤਾ ਜਿਤਨੇ ਇਸ ਅਰਸੇ ਦੌਰਾਨ ਜ਼ਮੀਰ ਦੇ ਹੱਕ ਦੀ ਬਹੁਤ ਹੀ ਤੌਹੀਨ ਕੀਤੀ। ਝੱਟ ਹੀ ਮਗਰੋਂ ਅਮਰੀਕਾ ਦੇ ਰਾਸ਼ਟਰਪਤੀ ਹੈਰੀ ਟਰੂਮੈਨ ਨੇ ਅਮਰੀਕੀ ਕਾਂਗਰਸ ਤੇ ਜ਼ੋਰ ਪਾਇਆ ਕਿ ਯੂਨਾਨ ਦੇ ਲੋਕਾਂ ਦੇ ਘੋਲ ਨੂੰ ਕੁਚਲਣ ਲਈ ਮਿਲੀਅਨਾਂ ਡਾਲਰਾਂ ਦੇ ਫੰਡ ਰਾਖਵੇਂ ਰੱਖੇ ਜਾਣ, ਤੇ ਇੰਜ ਸਰਦ ਜੰਗ ਨੂੰ ਇਕ ਹਕੀਕਤ ਦਾ ਰੂਪ ਦੇ ਦਿੱਤਾ। ਇਹਦਾ ਉਦੇਸ਼ ਯੂਨਾਨ ਵਿਚ ਜਮਹੂਰੀ ਜੱਦੋ-ਜਹਿਦ ਦੀ ਹਾਰ ਯਕੀਨੀ ਬਣਾਉਣਾ ਅਤੇ ਇਸ ਖ਼ਿੱਤੇ ਵਿਚ ਅਮਰੀਕਾ ਦੇ ਹਿਤਾਂ ਅਤੇ ਇਲਾਕਾਈ ਮਨਸੂਬਿਆਂ ਦੀ ਰਾਖੀ ਕਰਨਾ ਸੀ। ਇੰਜ, ਨਾ ਸਿਰਫ਼ ਯੂਨਾਨੀ ਲੋਕਾਂ ਦੇ ਸਵੈ ਨਿਰਣੇ ਦੇ ਅਧਿਕਾਰ ਦਾ ਹੀ ਕਤਲ ਕੀਤਾ ਗਿਆ ਬਲਕਿ ਯੂਨਾਨੀ ਲੋਕਾਂ ਦੇ ਜ਼ਮੀਰ ਦੇ ਹੱਕ ਨੂੰ ਵੀ ਖੋਹ ਲਿਆ ਗਿਆ। ਪੰਜਾਹਵਿਆਂ ਦੇ ਅਖੀਰ ਅਤੇ ਇਸ ਤੋਂ ਮਗਰੋਂ ਸੰਸਾਰ ਦੇ ਲੋਕਾਂ ਨੇ ਵੇਖਿਆ ਕਿ ਹੁਣ ਸੋਵੀਅਤ ਯੂਨੀਅਨ ਵੀ ਉਸੇ ਨੂੰ ਹੀ ਤਰੱਕੀਪਸੰਦ ਸਮਝਦਾ ਸੀ ਜੋ ਬੰਦਾ, ਮੁਲਕ, ਜਾਂ ਜਥੇਬੰਦੀ, ਇਸ ਦੇ ਨਾਲ ਸਹਿਮਤੀ ਰੱਖਦੀ ਹੋਵੇ। ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਮਗਰੋਂ ਹੁਣ ਇਹ ਬਿਲਕੁਲ ਸਾਫ਼ ਹੋ ਗਿਆ ਹੈ ਕਿ ਵੱਡੀਆਂ ਤਾਕਤਾਂ ਦੇ ਸੁਆਰਥੀ ਹਿਤਾਂ ਦੀ ਰਖਵਾਲੀ ਅਤੇ ਸੰਸਾਰ ਨੂੰ ਮੁੜ ਤਕਸੀਮ ਕਰਨ ਦੀ ਦੌੜ ਵਿਚ ਬੰਦੇ ਦੀ ਜ਼ਮੀਰ ਦਾ ਅਧਿਕਾਰ ਇਕ ਵਾਰ ਫਿਰ ਪੈਰਾਂ ਹੇਠ ਦਰੜਿਆ ਜਾ ਰਿਹਾ ਹੈ। ਜਿਵੇਂ ਪਹਿਲੀਆਂ ਵਿਚ ਅਮਰੀਕਾ, ਬਰਤਾਨੀਆ ਤੇ ਹੋਰ

ਥਾਵੀਂ ਸੀ ਹੁਣ ਬਾਕੀ ਸੰਸਾਰ ਵਿਚ ਵੀ ਕਿਹਾ ਜਾ ਰਿਹਾ ਹੈ ਕਿ ਜ਼ਮੀਰ ਦਾ ਅਧਿਕਾਰ ਉਨ੍ਹਾਂ ਨੂੰ ਹੀ ਹਾਸਲ ਹੈ ਜੋ ਕਮਿਉਨਿਜ਼ਮ ਦੇ ਵਿਰੋਧੀ ਹਨ ਜਾਂ ਕਿਸੇ ਵੱਡੀ ਤਾਕਤ ਦੇ ਹਮਾਇਤੀ ਹਨ। ਲੇਕਿਨ ਹਕੀਕਤ ਵਿਚ ਵੇਖੀਏ ਤਾਂ ਜ਼ਮੀਰ ਦਾ ਹੱਕ, ਇਸ ਜਾਂ ਉਸ ਸਿਸਟਮ ਦਾ ਮੁਥਾਜ ਨਹੀਂ ਬਣਾਇਆ ਜਾ ਸਕਦਾ। ਇਸ ਦਾ ਤਅੱਲਕ ਬੰਦੇ ਦੀ ਹੋਂਦ ਨਾਲ ਹੈ, ਜੇ ਇਨਸਾਨ ਹੈ ਤਾਂ ਉਸ ਨੂੰ ਜ਼ਮੀਰ ਦਾ ਹੱਕ ਵੀ ਹੈ। ਅਸਲ ਜ਼ਿੰਦਗੀ ਵਿਚ ਇਹਦੀ ਹੋਂਦ ਹੈ ਕਿ ਨਹੀਂ? ਇਹ ਅਭੰਗ ਹੈ ਕਿ ਨਹੀਂ? ਫੈਸਲਾ ਇਸ ਅਧਾਰ ਤੇ ਕਰਨਾ ਪਵੇਗਾ ਕਿ ਇਨਸਾਨ ਨੂੰ ਇਹ ਅਧਿਕਾਰ ਹਾਸਲ ਹੈ ਕਿ ਨਹੀਂ, ਇਹ ਨਹੀਂ ਕਿ ਇਸ ਅਧਿਕਾਰ ਦੀ ਵਰਤੋਂ ਨਾਲ ਕਿਸੇ ਸਿਸਟਮ ਜਾਂ ਹੁਕਮਰਾਨ ਨੂੰ ਲਾਭ ਪਹੁੰਚਦਾ ਹੈ ਜਾਂ ਹਾਨੀ ਹੁੰਦੀ ਹੈ।ਜ਼ਮੀਰ ਦੇ ਅਧਿਕਾਰ ਬਾਰੇ ਗੱਲ ਕਰਦਿਆਂ ਅਜੇਹੀਆਂ ਸੋਚਾਂ ਨੂੰ ਲਾਜ਼ਮੀ ਲਾਂਭੇ ਰੱਖਣਾ ਹੋਵੇਗਾ। ਸਰਦ ਜੰਗ ਦੀ ਸਮਾਪਤੀ ਮਗਰੋਂ ਦੇ ਇਸ ਦੌਰ ਵਿਚ ਐਵੇਂ ਰਵਾਇਤੀ ਘੋਸ਼ਣਾਂਬਾਜ਼ੀ ਕਰੀ ਜਾਣ ਦਾ ਕੋਈ ਲਾਭ ਨਹੀਂ। ਲੋੜ ਇਸ ਚੀਜ਼ ਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਜ਼ਮੀਰ ਦਾ ਹੱਕ ਸਿਰਫ਼ ਕਾਗਜ਼ੀ ਕਾਰਵਾਈ ਲਈ ਇਕ ਮਸਾਲਾ ਹੀ ਨਾ ਬਣਿਆਂ ਰਵ੍ਹੇ ਬਲਕਿ ਹਕੀਕਤ ਵਿਚ ਲੋਕ ਇਸ ਨੂੰ ਮਾਣ ਸਕਣ। ਲੋਕ ਜਿਨ੍ਹਾਂ ਹਾਲਤਾਂ ਵਿਚ ਜੀਵਨ ਬਸਰ ਕਰਦੇ ਹਨ, ਰੋਜ਼ੀ ਕਮਾਉਂਦੇ ਹਨ, ਉਸ ਨਾਲ ਇਸ ਅਧਿਕਾਰ ਦਾ ਡੂੰਘਾ ਸਬੰਧ ਹੋਣਾ ਚਾਹੀਦਾ ਹੈ। ਇਸ ਨੂੰ ਇਕ ਕਾਗਜ਼ਾਂ ਦਾ ਸ਼ਿੰਗਾਰ ਬਣਾਈ ਰੱਖਣ ਦਾ ਮਨੁੱਖਾਂ ਨੂੰ ਕੋਈ ਲਾਭ ਨਹੀਂ।

ਇਤਿਹਾਸਕ ਤੌਰ ਤੇ ਵੇਖੀਏ ਤਾਂ ਵੱਖ ਵੱਖ ਮੁਲਕਾਂ ਵਿਚ ਅਧਿਕਾਰਾਂ ਦਾ ਵਿਕਾਸ ਤਾਂ ਬੇਸ਼ੱਕ ਵੱਖੋ ਵੱਖਰੇ ਢੰਗਾਂ ਨਾਲ ਹੋਇਆ ਹੋਵੇਗਾ ਪਰ ਇਨ੍ਹਾਂ ਦਾ ਤੱਤ ਹਮੇਸ਼ਾਂ ਇਕੋ ਹੀ ਰਿਹਾ ਹੈ। ਇਹ ਤੱਤ ਇਹ ਗੱਲ ਮੰਨ ਕੇ ਤੁਰਦਾ ਹੈ ਕਿ ਜਿਨ੍ਹਾਂ ਦੇ ਅਧਿਕਾਰ ਹਨ, ਇਸੇ ਹਕੀਕਤ ਦੀ ਬੁਨਿਆਦ ਉੱਤੇ, ਉਹ ਆਪਣੇ ਅਧਿਕਾਰਾਂ ਨੂੰ ਜਿਵੇਂ ਚਹੁਣ ਵਰਤ ਸਕਦੇ ਹਨ। ਯੂਰਪੀ ਪ੍ਰਸੰਗ ਵਿਚ ਵੇਖੀਏ ਤਾਂ ਇਸ ਪੱਖੋਂ ਰੈਨੇਸਾਂਸ ਦਾ ਦੌਰ ਸਾਨੂੰ ਆਧੁਨਿਕ ਵੇਲਿਆਂ ਨਾਲ ਜੋੜਦਾ ਹੈ। ਉਨ੍ਹਾਂ ਵੇਲਿਆਂ ਤੋਂ ਲੈ ਕੇ ਜ਼ਮੀਰ ਦੇ ਅਧਿਕਾਰ ਨੇ ਐਸੀਆਂ ਸਥਿਤੀਆਂ ਨੂੰ ਪਲਟਣ ਵੱਲ ਤੋਰਿਆ ਜੋ ਇਸ ਹੱਕ ਦੀ ਵਰਤੋਂ ਦੇ ਰਾਹ ਵਿਚ ਰੋੜਾ ਬਣਦੀਆਂ ਸਨ। ਚੌਧਵੀਂ ਸਦੀ ਵਿਚ ਇਟਲੀ ਤੋਂ ਸ਼ੁਰੂ ਹੋ ਕੇ, ਸਾਰੇ ਯੂਰਪ ਵਿਚ ਫੈਲਦੀ ਹੋਈ, ਸ਼ਾਹੀ ਤਾਕਤ ਨੇ ਸਾਮੰਤ ਸਰਦਾਰਾਂ ਦੀ ਜਾਗੀਰੂ ਤਾਕਤ ਨੂੰ ਕੁਚਲਿਆ ਤੇ ਮਹਾਨ ਕੌਮੀ ਸਲਤਨਤਾਂ ਨੂੰ ਪੈਦਾ ਕੀਤਾ, ਜਿਦਦੇ ਅੰਦਰ ਆਧੁਨਿਕ ਨੇਸ਼ਨ ਸਟੇਟਾਂ ਅਤੇ ਨਵੀਂ ਬੁਰਜੂਆ ਸੁਸਾਇਟੀ ਪੈਦਾ ਹੋਈ। ਫਿਰ, ਇਲਮ ਦੀ ਤਰੱਕੀ (ਇਨਲਾਈਟਨਮੈਂਟ) ਦੇ ਦੌਰ ਵਿਚ, ਜੋ ਫਰਾਂਸ ਦੇ ਇਨਕਲਾਬ ਤੋਂ ਪਹਿਲਾਂ ਦਾ ਹੈ, ਜ਼ਮੀਰ ਦੇ ਅਧਿਕਾਰ ਲਈ ਮਸਾਲਾ ਇਸ ਧਾਰਨਾ ਚੋ ਲਿਆ ਗਿਆ ਕਿ `ਸਾਰੇ ਬੰਦੇ ਜਮਾਂਦਰੂ ਤੌਰ ਤੇ ਬਰਾਬਰ ਹਨ`। ਇਹ ਉਹ ਵੇਲਾ ਸੀ ਜਦੋਂ ਅਧਿਕਾਰਾਂ ਦਾ ਅਫ਼ੀਸ਼ਲ ਸਰੋਤ ਲੂਈਸ ਚੌਧਵੇਂ ਦੀ ਇਹ ਘੋਸ਼ਣਾ ਹੋਇਆ ਕਰਦਾ ਸੀ ਕਿ `ਮੈਂ ਹੀ ਸਟੇਟ ਹਾਂ`

ਅਧਿਕਾਰਾਂ ਦੀਆਂ ਇਨ੍ਹਾਂ ਦੋ ਧਾਰਨਾਵਾਂ ਵਿਚਕਾਰ ਇਕ ਜਬਰਦਸਤ ਭੇੜ ਹੋਇਆ ਅਤੇ ਸਿੱਟੇ ਵਜੋਂ ਫਰਾਂਸੀਸੀ ਇਨਕਲਾਬ ਵਾਪਰਿਆ ਜਿਸ ਨੇ ਪੁਰਾਣੇ ਸਾਮੰਤਵਾਦੀ ਸਮਾਜ ਦੀਆਂ ਨੀਂਹਾਂ ਹਿਲਾ ਕੇ ਰੱਖ ਦਿੱਤੀਆਂ। ਫਰਾਂਸ ਦੇ ਇਨਕਲਾਬ ਦੇ `ਆਜ਼ਾਦੀ, ਸਮਾਨਤਾ ਅਤੇ ਭਰਾਤਰੀ ਪੁਣੇ` ਦੇ ਜਾਣੇ ਪਛਾਣੇ ਨਾਅਰੇ ਨੇ ਯੂਰਪ ਅਤੇ ਉੱਤਰੀ ਅਮਰੀਕਾ ਦੇ ਲੋਕਾਂ ਨੂੰ ਜਗਾਇਆ ਅਤੇ ਸੂਝ ਪੈਦਾ ਕੀਤੀ ਕਿ ਵੇਲੇ ਦੀਆਂ ਸਥਿਤੀਆਂ ਵਿਚ ਉਨ੍ਹਾਂ ਦੇ ਅਧਿਕਾਰ ਕੀ ਹਨ। ਪਰ, ਇਹ ਅਧਿਕਾਰ ਬਹੁਤਾ ਕਰਕੇ ਕਾਗਜ਼ਾਂ ਤੱਕ ਹੀ ਸੀਮਤ ਰਹੇ ਤੇ ਆਪਣੀ ਉਤਪਤੀ ਦੇ ਸੰਕਲਪਾਂ ਦੇ ਅੰਦਰੂਨੀ ਨੁਕਸਾਂ ਦੀ ਸੀਮਾ ਪਾਰ ਨਾ ਕਰ ਸਕੇ। `ਸਾਰੇ ਬੰਦੇ ਜਮਾਂਦਰੂ ਤੌਰ ਤੇ ਬਰਾਬਰ ਹਨ` ਦਾ ਸੰਕਲਪ, `ਸਮਾਜਿਕ ਫ਼ਰਕਾਂ` ਨੂੰ ਖਤਮ ਕਰਨ ਲਈ ਯਤਨ ਨਹੀਂ ਕਰਦਾ। ਇਸ ਵਿਚੋਂ ਨਿਕਲੇ ਅਧਿਕਾਰ ਹਕੀਕਤ ਦਾ ਰੂਪ ਨਹੀਂ ਸੀ ਲੈ ਸਕਦੇ। ਤੇ ਜਿਸ ਜਮਾਤ ਨੇ ਅਧਿਕਾਰਾਂ ਦੇ ਇਹ ਸੰਕਲਪ ਮੂਹਰੇ ਲਿਆਂਦੇ ਸਨ, ਉਹ ਇਨ੍ਹਾਂ ਨੂੰ ਹਕੀਕਤ ਵਿਚ ਤਬਦੀਲ ਕਰਨ ਨਾਲ ਕੋਈ ਦਿਲਚਸਪੀ ਨਹੀਂ ਸੀ ਰੱਖਦੀ। ਇਸ ਜਮਾਤ ਨੂੰ ਜਦੋਂ ਇਕ ਦਫ਼ਾ ਉਹ ਰਾਜਸੀ ਹੱਕ ਮਿਲ ਗਏ ਜਿਨ੍ਹਾਂ ਤੋਂ ਇਹ ਪਹਿਲਾਂ ਮਹਿਰੂਮ ਸੀ, ਹੁਣ ਇਹੋ ਜਮਾਤ ਉਹ ਨਾਅਰੇ ਵਿਆਪਕ ਤੌਰ ਉੱਤੇ ਅਤੇ ਬਗੈਰ ਕਿਸੇ ਪੱਖਪਾਤ ਦੇ ਲਾਗੂ ਕਰਨ ਵਿਚ ਅਸਫਲ ਰਹੀ ਜਿਨ੍ਹਾਂ ਦਾ ਝੰਡਾ ਇਹ ਚੁੱਕੀ ਫਿਰਦੀ ਰਹੀ ਸੀ। ਇਹ ਇਨ੍ਹਾਂ ਵਲਗਣਾਂ ਚੋ` ਬਾਹਰ ਨਹੀਂ ਨਿਕਲੀ ਤੇ ਨਾ ਨਿਕਲ ਹੀ ਸਕਦੀ ਸੀ। ਜਦ ਤੱਕ ਇਕ ਐਸੀ ਜਮਾਤ ਨਹੀਂ ਪੈਦਾ ਹੁੰਦੀ ਜਿਹਦੇ ਹਿੱਤ ਵਿਚ ਇਨ੍ਹਾਂ ਵਲਗਣਾਂ ਨੂੰ ਪਾਰ ਕਰਨਾ ਹੋਵੇ, ਇਨਸਾਨ ਦੀ ਜ਼ਮੀਰ ਦੇ ਅਧਿਕਾਰਾਂ ਦੇ ਸੰਕਲਪਾਂ ਦੀ ਇਹ ਖ਼ਾਮੀ ਦੂਰ ਨਹੀਂ ਸੀ ਹੋ ਸਕਦੀ।

ਮਿਸਾਲ ਦੇ ਤੌਰ ਤੇ, ਫਰਾਂਸ ਦੇ ਇਨਕਲਾਬ ਮਗਰੋਂ ਫਰੈਂਚ ਡੈਕਲਾਰੇਸ਼ਨ ਆਫ਼ ਰਾਈਟਸ ਦੇ ਸਤਾਰਾਂ ਮੁੱਢਲੇ ਮੌਲਿਕ ਲੇਖਾਂ ਵਿਚੋਂ `ਜਬਰ ਦੀ ਵਿਰੋਧਤਾ ਕਰਨ ਦਾ ਅਧਿਕਾਰ` ਮਹਿਜ਼ ਉਨ੍ਹਾਂ ਬੰਦਿਆਂ ਦੀ ਇੱਛਾ ਦਾ ਇਜ਼ਹਾਰ ਹੈ ਜੋ ਖ਼ੁਦ ਜਬਰ ਦੇ ਖ਼ਿਲਾਫ਼ ਉੱਠੇ ਅਤੇ ਲੜੇ ਸਨ। ਉਨ੍ਹਾਂ ਨੇ ਇਹ ਲੇਖ ਅਸਲ ਵਿਚ ਆਪਣੇ ਅਮਲਾਂ ਨਾਲ ਲਿਖਿਆ। ਲੇਕਿਨ, ਇਹ "ਜਬਰ ਦੀ ਵਿਰੋਧਤਾ ਕਰਨ ਦਾ ਹੱਕ` 1795 ਦੇ ਫਰਾਂਸੀਸੀ ਸੰਵਿਧਾਨ ਵਿਚਲੇ ਅਧਿਕਾਰਾਂ ਦੇ ਘੋਸ਼ਣਪੱਤ੍ਰ ਵਿਚੋਂ ਅਲੋਪ ਹੋ ਗਿਆ, ਜਿਹਦਾ ਅਰਥ ਇਹ ਹੈ ਕਿ ਨਵੇਂ ਬਣੇ ਹੁਕਮਰਾਨ `ਜਬਰ ਦੀ ਵਿਰੋਧਤਾ ਕਰਨ ਦਾ ਅਧਿਕਾਰ` ਹੋਰ ਕਿਸੇ ਨੂੰ ਨਹੀਂ ਸਨ ਦੇਣਾ ਚਾਹੁੰਦੇ। ਇਸ ਦੇ ਨਾਲ ਹੀ 1795 ਦੀ ਅਧਿਕਾਰਾਂ ਦੀ ਘੋਸ਼ਣਾ ਵਿਚ ਕਿਹਾ ਗਿਆ ਕਿ `ਸਮਾਜਿਕ ਫ਼ਰਕ ਸਿਰਫ਼ ਆਮ ਭਲਾਈ ਦੇ ਅਧਾਰ ਤੇ ਹੀ ਕੀਤਾ ਜਾ ਸਕੇਗਾ` ਤੇ ਇੰਜ `ਸਮਾਜਿਕ ਫ਼ਰਕ` ਦੇ ਮੌਜੂਦ ਅਤੇ ਜਾਰੀ ਰਹਿਣ ਲਈ ਕਾਨੂੰਨੀ ਤੇ ਨਿਆਇਕ ਅਧਾਰ ਮੁਹੱਈਆ ਕਰ ਦਿੱਤਾ ਗਿਆ। ਸਮਾਜਿਕ ਫ਼ਰਕ ਜਾਂ ਭਿੰਨ ਭੇਦਾਂ ਨੇ ਫਿਰ ਲਾਜ਼ਮੀ ਤੌਰ ਤੇ ਖੁੱਲ੍ਹੀਆਂ ਟੱਕਰਾਂ ਦਾ ਰੂਪ ਅਖਤਿਆਰ ਕਰਨਾਂ ਹੀ ਸੀ ਜਿਵੇਂ 1789 ਵਿਚ ਹੋਇਆ ਤੇ ਫਿਰ 1871 ਵਿਚ, ਜਦ

ਪੈਰਿਸ ਕਮਿਊਨ ਬਣਿਆਂ। ਤੇ ਇਸ ਦੇ ਮਗਰੋਂ ਵੀ ਬਹੁਤ ਸਾਰੇ ਭੇੜ ਹੋ ਚੁਕੇ ਹਨ। ਹੁਣ ਤੱਕ ਸਮਾਜੀ ਫਰਕ ਵਧਦਾ ਹੀ ਆਇਆ ਹੈ ਤੇ ਜ਼ਮੀਰ ਦਾ ਹੱਕ ਇਕ ਰਸਮੀ ਜਿਹੀ ਚੀਜ਼ ਬਣਿਆਂ ਰਿਹਾ ਹੈ।

ਬਰਤਾਨੀਆ ਦੇ ਹਾਕਮ ਦਾਇਰੇ ਵੀ ਦੋ ਸੌ ਸਾਲਾਂ ਤੋਂ ਬਹੁਤੇ ਸਮੇਂ ਤੋਂ ਜ਼ਮੀਰ ਦੇ ਹੱਕ ਦੇ ਖ਼ਿਆਲ ਨਾਲ ਕਲੋਲ ਕਰਦੇ ਆ ਰਹੇ ਹਨ, ਪਰ ਇਨ੍ਹਾਂ ਇਸ ਅਧਿਕਾਰ ਨੂੰ ਕਦੇ ਵੀ ਹਕੀਕੀ ਤੌਰ ਤੇ ਤਸਲੀਮ ਨਹੀਂ ਕੀਤਾ। ਇਹੋ ਜਿਹੇ ਅਹਿਮ ਅਧਿਕਾਰ ਨੂੰ ਪੂਰੀ ਤਰ੍ਹਾਂ ਤਸਲੀਮ ਕਰਨ ਤੋਂ ਇਨ੍ਹਾਂ ਦਾ ਦੂਰ ਨੱਸਣਾ ਇਥੋਂ ਵੀ ਜ਼ਾਹਰ ਹੁੰਦਾ ਹੈ ਕਿ ਜ਼ਮੀਰ ਦੇ ਹੱਕ ਤੋਂ ਮੁਨਕਰ ਹੋਣ ਲਈ ਇਹ `ਫੇਅਰ ਪਲੇਅ` ਅਤੇ `ਸਹਿਣਸ਼ੀਲਤਾ` ਦੇ ਵਿਚਾਰਾਂ ਨੂੰ ਪ੍ਰਚਾਰਦੇ ਹਨ। ਅਧਿਕਾਰਾਂ ਦੀ ਵਿਆਪਕਤਾ, ਇਕ ਪਾਸੇ ਤਾਂ ਲੋਕਾਂ ਨੂੰ ਜ਼ਮੀਰ ਦੇ ਹੱਕ ਤੋਂ ਮਹਿਰੂਮ ਕਰਕੇ ਘਟਾਈ ਗਈ ਤੇ ਦੂਸਰੇ ਪਾਸੇ ਰਿਆਇਤਾਂ ਦੇਣ ਦੇ ਰਿਵਾਜ ਨਾਲ ਇਸ ਨੂੰ ਢਾਹ ਲਾਈ ਗਈ। ਜਗੀਰਦਾਰ ਜਮਾਤ, ਵਪਾਰੀ ਤਬਕੇ ਅਤੇ ਅਮੀਰਾਂ ਸਰਦਾਰਾਂ ਦੇ ਆਪਸੀ ਗੱਠਜੋੜ ਤੇ ਅਧਾਰਤ ਇਨ੍ਹਾਂ ਦਾ ਮੌਜੂਦਾ ਸਿਸਟਮ ਜਦੋਂ ਦਾ ਹੋਂਦ ਵਿਚ ਆਇਆ ਹੈ ਉਦੋਂ ਤੋਂ ਹੀ ਬਰਤਾਨਵੀ ਹਾਕਮ ਦਾਇਰਿਆਂ ਨੇ ਸਦਾ ਹੀ ਅਧਿਕਾਰਾਂ ਦੀ ਇਕ ਬੜੀ ਹੀ ਕਰੜੀ ਜਮਾਤੀ ਪਰਿਭਾਸ਼ਾ ਦਿੱਤੀ ਹੈ। ਬਰਤਾਨੀਆ ਦੇ ਸਿਆਸੀ ਸਿਧਾਂਤਕਾਰ ਅਤੇ ੧੭੬੬ ਤੋਂ ਲੈ ਕੇ ੧੭੯੪ ਤੱਕ ਪਾਰਲੀਮੈਂਟ ਦੇ ਮੈਂਬਰ, ਐਡਮੰਡ ਬਰਕ, ਦੀ ਰਾਏ ਵਿਚ ਜ਼ਮੀਰ ਦਾ ਹੱਕ `ਇਤਿਹਾਸਕ ਤੌਰ ਤੇ ਉਪਜੇ ਤੇ ਵਿਕਸਤ ਹੋਏ ਅਦਾਰਿਆਂ` ਨੂੰ ਹੀ ਹਾਸਲ ਹੈ ਜਿਵੇਂ ਕਿ ਬਾਦਸ਼ਾਹਤ ਅਤੇ ਚਰਚ, ਜਦ ਕਿ ਲੋਕ ਸਿਰਫ਼ ਇਨ੍ਹਾਂ ਦੇ `ਅਧੀਨ` ਹਨ। ਐਡਮੰਡ ਬਰਕ ਦੇ ਖ਼ਿਆਲ ਉਸ ਵੇਲੇ ਦੀ ਅਧਿਕਾਰਾਂ ਦੀ ਸਥਿਤੀ ਦਾ ਅਕਸ ਹਨ ਤੇ ਬਰਤਾਨੀਆ ਵਿਚ ਜ਼ਮੀਰ ਦੇ ਅਧਿਕਾਰ ਦੀ ਦਸ਼ਾ ਹਾਲੇ ਤੱਕ ਵੀ ਇਹੋ ਹੀ ਹੈ। ਬਾਦਸ਼ਾਹਤ, ਚਰਚ ਅਤੇ ਪਾਰਲੀਮੈਂਟ ਨੂੰ ਵਿਸ਼ਾਲ ਆਰਥਕ ਤੇ ਸਿਆਸੀ ਅਖ਼ਤਿਆਰ ਪ੍ਰਾਪਤ ਹਨ ਜਦ ਕਿ ਇਨਸਾਨ ਦੀ ਜ਼ਮੀਰ ਦਾ ਅਧਿਕਾਰ ਮਹਿਜ਼ ਰਸਮੀ ਹੈ ਤੇ ਉਨ੍ਹਾਂ ਯੋਧਿਆਂ ਲਈ ਖ਼ੋਰੂ ਪਾਉਣ ਦਾ ਅਖਾੜਾ ਬਣਿਆਂ ਹੋਇਆ ਹੈ ਜੋ ਇਹਨੂੰ ਅਸਲੀਅਤ ਵਿਚ ਲਾਗੂ ਹੁੰਦਾ ਵੇਖਣ ਵਿਚ ਰਤਾ ਵੀ ਦਿਲਚਸਪੀ ਨਹੀਂ ਰੱਖਦੇ।

ਅਮਰੀਕਨ ਇਨਕਲਾਬ, ਜਿਹਨੂੰ ਸੁਤੰਤਰਤਾ ਦੀਆਂ ਸੰਭਾਵਨਾਵਾਂ ਅਤੇ ਨਵੇਂ ਸੰਸਾਰ ਵਿਚ ਬਹੁਤ ਵੱਡੀਆਂ ਤਰੱਕੀਆਂ ਦੇ ਇਮਕਾਨਾਂ ਲਈ ਸਲਾਹਿਆ ਜਾਂਦਾ ਹੈ, ਨੇ ਵੀ ਅਧਿਕਾਰਾਂ ਸਬੰਧੀ ਬਰਤਾਨਵੀ ਖ਼ਿਆਲਾਂ ਤੇ ਸੰਕਲਪਾਂ ਨੂੰ ਰੱਦ ਨਹੀਂ ਕੀਤਾ। ਅਮਰੀਕਨ ਅਜ਼ਾਦੀ ਦੇ ਪਿਤਾ ਪਿਤਾਮਿਆਂ ਨੇ ਵੀ ਜ਼ਮੀਰ ਦੇ ਹੱਕ ਨੂੰ ਚੰਗੀ ਤਰ੍ਹਾਂ ਨਹੀਂ ਮੌਲਣ ਦਿੱਤਾ ਤੇ ਇਸ ਦੇ ਰਵਾਇਤੀ ਹਾਰ-ਸ਼ਿੰਗਾਰ ਦਾ ਖਹਿੜਾ ਨਹੀਂ ਛੱਡਿਆ ਅਤੇ ਇਸਦੇ ਤੱਤ ਨੂੰ ਇਕ ਐਸੇ ਔਜ਼ਾਰ ਦਾ ਰੂਪ ਨਹੀਂ ਦਿੱਤਾ ਜੋ ਸਮਾਜ ਦੇ ਕਰਾਂਤੀਕਰਨ ਵਿਚ ਹਿਸਾ ਪਾਵੇ। 1776 ਵਿਚ ਟੌਮਸ ਜੈਫ਼ਰਸਨ ਦੀ ਸੁਤੰਤਰਤਾ ਦੀ ਘੋਸ਼ਣਾ ਤੋਂ ਲੈ ਕੇ 1791 ਵਿਚ ਬਿਲ ਆਫ਼ ਰਾਈਟਸ ਤੱਕ, ਜਦ ਲੋਕਾਂ ਵਲੋਂ ਪਾਏ ਗਏ ਮਹਾਨ ਦਬਾਅ ਸਦਕਾ ਅਮਰੀਕਾ ਦੇ ਸੰਵਿਧਾਨ ਵਿਚ ਪਹਿਲੀ ਸੋਧ ਕੀਤੀ ਗਈ, ਕਈ ਤਰ੍ਹਾਂ ਦੇ ਹੱਕਾਂ ਦੇ ਐਲਾਨ ਕੀਤੇ ਜਾਂਦੇ ਰਹੇ ਲੇਕਿਨ ਦਾਸ-ਪ੍ਰਥਾ ਨੂੰ ਖ਼ਤਮ ਨਹੀਂ ਕੀਤਾ ਗਿਆ। ਦਾਸਤਾ, ਜਿਹਨੂੰ ਇਹ `ਇਕ ਅਦੁਤੀ ਸੰਸਥਾ` ਕਹਿੰਦੇ ਸਨ, ਅਮਰੀਕੀ ਸੰਵਿਧਾਨ ਦੀ ਘੋਸ਼ਣਾ ਕੀਤੇ ਜਾਣ ਦੇ ਵੀ ਕੋਈ 75 ਸਾਲ ਬਾਅਦ ਤੱਕ ਕਾਇਮ ਰਹੀ, ਬਿਲਕੁਲ ਉਵੇਂ ਜਿਵੇਂ 1791 ਦੇ ਫਰਾਂਸੀਸੀ ਸੰਵਿਧਾਨ ਵਿਚ ਇਕ ਖ਼ਾਸ ਲੇਖ ਸ਼ਾਮਲ ਸੀ ਕਿ, ` ਭਾਵੇਂ ਕਿ ਏਸ਼ੀਆ, ਅਫ਼ਰੀਕਾ ਅਤੇ ਅਮਰੀਕਾ ਵਿਚਲੀਆਂ ਫਰਾਂਸੀਸੀ ਬਸਤੀਆਂ ਤੇ ਮਲਕੀਅਤਾਂ ਫਰਾਂਸੀਸੀ ਸਾਮਰਾਜ ਦਾ ਹਿਸਾ ਹਨ ਲੇਕਿਨ ਇਹ ਸੰਵਿਧਾਨ ਉਨ੍ਹਾਂ ਉੱਤੇ ਲਾਗੂ ਨਹੀਂ ਹੁੰਦਾ`। ਇਹੋ ਜਿਹੀਆਂ ਬੇੜੀਆਂ ਵਿਚ ਜਕੜੀ ਅਮਰੀਕਾ ਦੀ ਸੁਤੰਤਰਤਾ ਦੀ ਜੰਗ ਕਦੇ ਵੀ ਇਹੋ ਜਿਹੀਆਂ ਇਨਕਲਾਬੀ ਤਬਦੀਲੀਆਂ ਨਾ ਲਿਆ ਸਕੀ ਜੋ ਮਨੁੱਖੀ ਅਧਿਕਾਰਾਂ ਦੇ ਮੌਲਣ ਵਿਚ ਮਦਦਗਾਰ ਬਣਦੀਆਂ। ਅੱਜ, ਅਮਰੀਕਾ ਅਤੇ ਹੋਰ ਮੁਲਕਾਂ ਵਿਚ, ਵਿੱਤੀ ਜਰਵਾਣੇ ਲੇਬਰ ਕੁਲੀਨਵਰਗ ਦੀ ਮਦਦ ਨਾਲ ਰਾਜ ਕਰਦੇ ਹਨ ਤੇ ਬਾਕੀ ਸਾਰਿਆਂ ਦੇ ਹੱਕਾਂ ਨੂੰ ਪੈਰਾਂ ਹੇਠ ਲਿਤਾੜਦੇ ਹਨ।

ਦੂਸਰੀ ਸੰਸਾਰ ਜੰਗ ਮਗਰੋਂ ਜਦੋਂ ਯੂਨਾਇਟਿਡ ਨੇਸ਼ਨਜ਼ ਵਿਚ ਮਨੁੱਖੀ ਅਧਿਕਾਰਾਂ ਦੇ ਐਲਾਨ-ਨਾਮੇ ਉੱਤੇ ਕੰਮ ਅਰੰਭਿਆ ਗਿਆ ਤਾਂ ਅਮਰੀਕਾ, ਬਰਤਨੀਆਂ, ਫਰਾਂਸ ਅਤੇ ਹੋਰ ਮੁਲਕਾਂ ਨੇ ਬੜਾ ਦਬਾਅ ਪਾਇਆ ਕਿ ਵਿਆਪਕ ਐਲਾਨ-ਨਾਮਾ ਸਿਰਫ਼ ਰਸਮੀ ਜਿਹਾ ਹੀ ਹੋਵੇ ਤੇ ਇਸ ਵਿਚ ਅਸਲੀ ਤੱਤ ਕੋਈ ਨਾ ਹੋਵੇ। ਯੂ.ਐਨ. ਦੀ ਕਮੇਟੀ ਨੰਬਰ 3 ਵਲੋਂ 1947 ਵਿਚ ਤਿਆਰ ਕੀਤੇ ਗਏ ਜਨੀਵਾ ਮਸੌਦੇ ਨੂੰ ਮੁੜਕੇ ਲਿਖਦੇ ਹੋਏ ਅਮਰੀਕਾ ਅਤੇ ਹੋਰ ਬਸਤੀਵਾਦੀ ਤਾਕਤਾਂ ਨੇ ਇਹ ਗੱਲ ਯਕੀਨੀ ਬਣਾ ਦਿੱਤੀ ਕਿ ਇਸ ਐਲਾਨਨਾਮੇ ਵਿਚ ਕੋਈ ਐਸੀ ਚੀਜ਼ ਸ਼ਾਮਲ ਨਾ ਹੋ ਸਕੇ ਜੋ ਇਸ ਘੋਸ਼ਣਾ ਪੱਤਰ ਵਿਚ ਐਲਾਨੇ ਗਏ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਆਜ਼ਾਦੀਆਂ ਨੂੰ ਹਕੀਕਤ ਦਾ ਰੂਪ ਦੇ ਸਕੇ। ਮਿਸਾਲ ਦੇ ਤੌਰ ਤੇ, ਉਨ੍ਹਾਂ ਆਰਟੀਕਲ 4 ਵਿਚ ਪੇਸ਼ ਕੀਤੀ ਗਈ ਇਕ ਤਜਵੀਜ਼ ਖ਼ਾਰਜ ਕਰ ਦਿੱਤੀ ਜੋ ਕਹਿੰਦੀ ਸੀ ਕਿ, `ਸਟੇਟ ਇਹ ਯਕੀਨੀ ਬਣਾਏ ਕਿ ਕਿਸੇ ਵੀ ਵਿਅਕਤੀ ਦੇ ਹੱਕਾਂ ਨੂੰ ਅਪਰਾਧੀ ਢੰਗ ਨਾਲ ਖ਼ਤਮ ਕਰਨ ਦੀ ਕੋਈ ਚਾਲ ਕਾਮਯਾਬ ਨਾ ਹੋ ਸਕੇ ਤੇ ਐਸੇ ਹਾਲਤ ਪੈਦਾ ਨਾ ਹੋਣ ਦੇਵੇ ਜੋ ਕਿਸੇ ਦੀ ਭੁੱਖ ਜਾਂ ਥਕੇਵੇਂ ਨਾਲ ਮੌਤ ਹੋ ਜਾਣ ਦਾ ਕਾਰਨ ਬਣਨ।`

ਰੂਸ ਵਿਚ ਅਕਤੂਬਰ ਇਨਕਲਾਬ ਵੀ, ਭਾਵੇਂ ਕਿ ਇਸਨੇ ਵਿਅਕਤੀ ਦੀ ਜ਼ਮੀਰ ਦੇ ਹੱਕ ਦੇ ਮੌਲਣ ਅਤੇ ਇਹਨੂੰ ਸਮਾਜ ਅਤੇ ਲੋਕਾਂ ਦੀ ਜ਼ਿੰਦਗੀ ਵਿਚ ਅਤੀ ਅਹਿਮੀਅਤ ਦਿਵਾਉਣ ਲਈ ਹਰ ਮੌਕਾ ਮੁਹੱਈਆ ਕੀਤਾ, ਆਖ਼ਰਕਾਰ ਇਸੇ ਕਰਕੇ ਤਬਾਹ ਹੋਇਆ ਕਿਉਂਕਿ ਇਹ ਉਸ ਜਮਾਤੀ ਧਾਰਨਾ ਤੋਂ ਉੱਚਾ ਨਾ ਉਠ ਸਕਿਆ ਜੋ ਸਮੇਂ ਦੀ ਹਾਣੀ ਨਹੀਂ ਸੀ ਰਹੀ ਤੇ ਜਿਹਦਾ ਸਿਰਫ਼ ਇਕ ਅਜਿਹਾ ਖੋਲ ਹੀ ਬਾਕੀ ਰਹਿ ਗਿਆ ਸੀ ਜਿਸ ਨੂੰ ਵਰਤ ਕੇ ਨਵੀਆਂ ਉਠ ਰਹੀਆਂ ਲੋਟੂ ਜਮਾਤਾਂ

ਨੇ ਲੋਕਾਂ ਨੂੰ ਦਬਾਇਆ। ਮਜ਼ਦੂਰ ਜਮਾਤ ਦੇ ਆਗੂ ਰੋਲ ਬਾਰੇ ਦਾਅਵੇ ਅਤੇ ਮਾਰਕਸਵਾਦ-ਲੈਨਿਨਵਾਦ ਦੇ ਸੱਚ ਨੂੰ ਇਕ ਐਸਾ ਸਨਅਤੀ ਤੇ ਮਿਲਟਰੀ ਉਦਯੋਗ ਬਣਾਉਣ ਲਈ ਵਰਤਿਆ ਗਿਆ ਜੋ ਸਾਰੇ ਸੰਸਾਰ ਨੂੰ ਫ਼ਤਿਹ ਕਰ ਸਕੇ। ਜਦੋਂ ਵੇਲਾ ਬਹੁਤ ਹੀ ਮਾਕੂਲ ਸੀ ਕਿ ਸਮਾਜ ਮਨੁੱਖੀ ਅਧਿਕਾਰਾਂ ਨੂੰ ਉੱਤਮ ਥਾਂ ਦੇਵੇ, ਇਕ ਐਸਾ ਵਰਗ ਸਾਹਮਣੇ ਆਇਆ ਜੋ ਆਪਣੀਆਂ ਲਾਲਸਾਵਾਂ ਪੂਰੀਆਂ ਕਰਨ ਦੇ ਰਾਹ ਪੈ ਗਿਆ। ਸਿਰਫ਼ ਗੱਲਾਂ ਰਹਿ ਗਈਆਂ ਤੇ ਅਮਲ ਵਿਚ ਅਧਿਕਾਰਾਂ ਦੀ ਧਾਰਨਾ ਉਨ੍ਹਾਂ ਲੋਟੂ ਜਮਾਤਾਂ ਦੇ ਹਿੱਤ ਪੂਰਨ ਲੱਗ ਪਈ ਜੋ ਹੁਣ ਪੈਦਾ ਹੋ ਚੁੱਕੀਆਂ ਸਨ।

ਅੱਜ, ਸਰਦ ਜੰਗ ਮੁੱਕ ਜਾਣ ਦੇ ਇਸ ਦੌਰ ਵਿਚ, ਇਕ ਕੌਮ ਹੋਵੇ, ਜਾਂ ਇਕ ਸਮੂਹ ਹੋਵੇ, ਜਾਂ ਇਕ ਵਿਅਕਤੀ ਹੋਵੇ, ਇਨ੍ਹਾਂ ਦੀ ਹੋਂਦ ਹੀ ਇਹ ਮੰਨਕੇ ਤੁਰਦੀ ਹੈ ਕਿ ਲਾਜ਼ਮੀ ਤੌਰ ਤੇ ਇਨ੍ਹਾਂ ਦੇ ਹੱਕ ਵੀ ਹਨ। ਜੇ ਇਹ ਹਨ ਤਾਂ ਇਨ੍ਹਾਂ ਦੇ ਹੱਕ ਵੀ ਹਨ, ਇਸ ਸਚਾਈ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਗੱਲ ਸਿਰਫ਼ ਇਕ ਕਲਪਨਾ ਹੀ ਨਹੀਂ ਰਹੀ, ਸਗੋਂ ਹੁਣ ਲੋਕੀ ਮੰਗ ਕਰਨ ਲੱਗ ਪਏ ਹਨ ਕਿ ਇਹ ਅਧਿਕਾਰ ਉਨ੍ਹਾਂ ਲੈਣੇ ਹੀ ਲੈਣੇ ਹਨ, ਤੇ ਇਹ ਗੱਲ ਹੁਣ ਇਕ ਸਖ਼ਤ ਝੜਪ ਨੂੰ ਜਨਮ ਦੇ ਰਹੀ ਹੈ ਉਨ੍ਹਾਂ ਵਿਚਕਾਰ ਜੋ ਅਧਿਕਾਰਾਂ ਨੂੰ ਮਹਿਜ਼ ਇਕ ਘੋਸ਼ਣਾ ਤੱਕ ਹੀ ਮਹਿਦੂਦ ਰੱਖਣਾ ਚਾਹੁੰਦੇ ਹਨ ਤੇ ਉਨ੍ਹਾਂ ਵਿਚਕਾਰ ਜੋ ਦਰਅਸਲ ਇਹ ਅਧਿਕਾਰ ਵਰਤਣ ਲਈ ਕਮਰਕੱਸੇ ਕਰੀ ਬੈਠੇ ਹਨ ਤੇ ਸਿਰਫ਼ ਐਲਾਨ-ਨਾਮਿਆਂ ਨਾਲ ਸੰਤੁਸ਼ਟ ਹੋਣ ਲਈ ਤਿਆਰ ਨਹੀਂ। ਸਰਦ ਜੰਗ ਦੇ ਅੰਤ ਨੇ ਖ਼ੁਦ ਇਕ ਅਜੇਹਾ ਤੁਫ਼ਾਨ ਖੜ੍ਹਾ ਕਰ ਦਿੱਤਾ ਜਿਹਦੀ ਤਾਕਤ ਤੇ ਸ਼ਿੱਦਤ ਵਧਦੀ ਹੀ ਜਾਣੀ ਹੈ ਜਦ ਤੱਕ ਮਾਨਸੀ ਅਧਿਕਾਰਾਂ ਦੀ ਮੰਗ ਪੂਰੀ ਨਹੀਂ ਹੁੰਦੀ। ਸਰਦ ਜੰਗ ਨੇ ਉਸ ਸ਼ੈਅ ਤੇ ਪਰਦਾ ਪਾਈ ਰੱਖਿਆ ਸੀ ਜੋ ਬੇਨਿਕਾਬ ਹੋਣ ਲਈ ਜ਼ੋਰ ਲਾ ਰਹੀ ਸੀ, ਸਾਰੇ ਔਰਤਾਂ ਤੇ ਮਰਦਾਂ ਦੀ ਜ਼ਮੀਰ ਦਾ ਅਧਿਕਾਰ। ਹੁਣ ਇਹ ਪਰਦਾ ਫ਼ਾਸ਼ ਹੋ ਚੁਕਾ ਹੈ। ਇਸ ਲਈ, ਸੰਸਾਰ ਦੇ ਹਰ ਕੋਨੇ ਵਿਚੋਂ ਉਠ ਰਹੀ ਮਨੁੱਖੀ ਅਧਿਕਾਰਾਂ ਲਈ ਆਵਾਜ਼ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।

**ਸੱਤਾ ਅਤੇ ਸਥਿਤੀ ਵਿਚਾਲੇ ਟੱਕਰ**

ਸਰਦ ਜੰਗ ਦੀ ਸਮਾਪਤੀ ਨਾਲ ਸੰਸਾਰ ਵਿਚ ਮਾਨਸੀ ਅਧਿਕਾਰਾਂ ਦੀ ਲਹਿਰ ਦੇ ਵਿਕਾਸ ਲਈ ਵਧੀਆ ਸੰਭਾਵਨਾਵਾਂ ਪੈਦਾ ਹੋਈਆਂ ਹਨ ਪਰ ਇਹ ਵੀ ਨਹੀਂ ਕਿ ਹੁਣ ਇਸਦੇ ਰਾਹ ਵਿਚ ਕੋਈ ਮੁਸ਼ਕਲ ਹੀ ਨਹੀਂ ਰਹੀ ਜਾਂ ਇਸਦਾ ਕੋਈ ਵਿਰੋਧ ਨਹੀਂ ਕਰੇਗਾ। ਇਸ ਵੇਲੇ ਬਹੁਤ ਸਾਰੇ ਮੁਲਕਾਂ ਦੇ ਹੁਕਮਰਾਨ ਦਾਇਰੇ ਮਨੁੱਖੀ ਅਧਿਕਾਰਾਂ ਨੂੰ ਇਸ ਤਰ੍ਹਾਂ ਪੈਰਾਂ ਹੇਠ ਲਿਤਾੜ ਰਹੇ ਹਨ ਕਿ ਕੋਈ ਅਜਿਹਾ ਅਧਿਕਾਰ ਨਜ਼ਰ ਨਹੀਂ ਆ ਰਿਹਾ ਜੋ ਅਭੰਗ ਹੋਵੇ ਜਾਂ ਜਿਹਦੀ ਉਲੰਘਣਾ ਨਾ ਕੀਤੀ ਜਾ ਰਹੀ ਹੋਵੇ। ਅਧਿਕਾਰਾਂ ਦੀ ਤੌਹੀਨ ਦੀ ਇਕ ਮਿਸਾਲ ਹਿੰਦੁਸਤਾਨ ਵਿਚ ਮੌਜੂਦ ਟਾਡਾ ( ਟੈਰੋਰਿਜ਼ਮ ਐਂਡ ਡਿਸਰਪਟਿਵ ਐਕਟਿਵਟੀਜ਼ ਪਰਵੈਨਸ਼ਨ ਐਕਟ) ਕਾਨੂੰਨ ਹੈ। ਇਸ ਕਾਨੂੰਨ ਅਧੀਨ ਕਿਸੇ ਦੇ ਵੀ ਹੱਕ ਖੋਹੇ ਜਾ ਸਕੇ ਹਨ। ਤੇ ਇਸ ਵਿਚ ਸਿਰਫ਼ ਇਹੋ ਇਕੋ ਹੀ ਨੁਕਸ ਨਹੀਂ। ਅਜੇਹੇ ਕਾਨੂੰਨ ਦੀ ਮੌਜੂਦਗੀ ਹੁਕਮਰਾਨਾਂ ਤੇ ਪੁਲਸ ਅਧਿਕਾਰੀਆਂ ਨੂੰ ਹੱਲਾਸ਼ੇਰੀ ਬਖ਼ਸ਼ਦੀ ਹੈ ਕਿ ਉਹ ਜੋ ਮਰਜ਼ੀ ਕਰ ਸਕਦੇ ਹਨ, ਤੇ ਜੇ ਕੋਈ ਮੂਹਰੇ ਬੋਲਦਾ ਹੈ ਉਸ ਨੂੰ ਇਸ ਕਾਨੂੰਨ ਤਹਿਤ ਅੰਦਰ ਡੱਕ ਸਕਦੇ ਹਨ। ਹਿੰਦੁਸਤਾਨ ਦੀ ਹਕੂਮਤ ਹੋਣਾ ਹੁਣ ਇਹ ਲਸੰਸ ਮਿਲ ਗਿਆ ਸਮਝ ਲਿਆ ਗਿਆ ਹੈ ਕਿ ਇਹਨੂੰ ਕਿਸੇ ਵੀ ਤਰ੍ਹਾਂ ਦਾ ਕਾਨੂੰਨ ਬਣਾ ਦੇਣ ਦਾ ਅਧਿਕਾਰ ਪ੍ਰਾਪਤ ਹੈ ਤੇ ਮੰਗ ਕਰ ਸਕਦੀ ਹੈ ਕਿ ਸਾਰੇ ਮੁਲਕ ਵਾਸੀ ਇਸਦੇ ਬਣਾਏ ਹਰ ਕਾਨੂੰਨ ਦੀ ਪਾਲਨਾ ਕਰਨ ਕਿਉਂਕਿ ਇਹ ਹਕੂਮਤ ਦੇ ਬਣਾਏ ਹੋਏ ਹਨ। ਹੋਰ ਕੋਈ ਵੀ ਦਲੀਲ ਦੇਣ ਦੀ ਜ਼ਰੂਰਤ ਨਹੀਂ। ਇਕ ਅਧਿਕਾਰ ਦੀ ਇਹੋ ਜਿਹੀ ਪਰਿਭਾਸ਼ਾ ਸਾਮੰਤਵਾਦੀ ਵੇਲਿਆਂ ਦੀ ਯਾਦ ਦਿਵਾਉਂਦੀ ਹੈ ਜਦ ਯੂਰਪ ਦੇ ਬਾਦਸ਼ਾਹ ਅਤੇ ਸਾਮੰਤ-ਸਰਦਾਰ ਆਪਣੀ ਸ਼ਕਤੀ ਨੂੰ ਇਸ ਅਧਾਰ ਤੇ ਹੱਕੀ ਠਹਿਰਾਉਂਦੇ ਸਨ ਕਿ ਇਹਨੂੰ ਰੱਬ ਦੀ ਮਨਜ਼ੂਰੀ ਹਾਸਲ ਹੈ। ਇਸਦੇ ਇਲਾਵਾ ਅਧਿਕਾਰਾਂ ਦੀ ਇਹੋ ਜਿਹੀ ਪਰਿਭਾਸ਼ਾ ਹਿੰਦੁਸਤਾਨ ਦੇ ਉਨ੍ਹਾਂ ਲੋਕਾਂ ਦੀ ਵੀ ਬੇਇਜ਼ਤੀ ਕਰਨ ਵਾਲੀ ਗੱਲ ਹੈ ਜਿਨ੍ਹਾਂ ਨੇ ਹਿੰਦੁਸਤਾਨ ਵਿਚ ਜ਼ਮੀਰ ਦੇ ਹੱਕ ਦਾ ਵਿਸਥਾਰ ਦਿੱਤਾ ਸੀ। ਹਿੰਦੁਸਤਾਨੀ ਸਟੇਟ ਨੇ ਵੀ ਯੂਰਪੀਅਨ ਸਟੇਟ ਵਾਂਗ ਹੀ ਲੋਕਾਂ ਦੇ ਸਾਰੇ ਹੱਕ ਤਾਂ ਹੜੱਪ ਲਏ ਹਨ, ਪਰ ਆਪਣੇ ਫ਼ਰਜ਼ਾਂ ਨੂੰ ਬਿਲਕੁਲ ਭੁੱਲ ਗਈ ਹੈ। ਸਿਆਸੀ ਸ਼ਕਤੀ ਨੂੰ ਇਸ ਢੰਗ ਨਾਲ ਪੇਸ਼ ਕਰਨਾ ਜ਼ਮੀਰ ਦੇ ਹੱਕ ਅਤੇ ਸਾਰਿਆਂ ਦੀ ਖ਼ੁਸ਼ਹਾਲੀ ਦੀ ਵਿਚਾਰਧਾਰਾ ਨੂੰ ਖ਼ਤਮ ਕਰਨਾ ਹੈ ਜੋ ਹਿੰਦੁਸਤਾਨੀ ਲੋਕਾਂ ਨੇ ਹਜ਼ਾਰਾਂ ਸਾਲਾਂ ਦੇ ਅਰਸੇ ਵਿਚ ਪੈਦਾ ਕੀਤੀ ਸੀ। ਇਸ ਤਰ੍ਹਾਂ ਦੇ ਹੁਕਮਰਾਨ ਕੋਈ ਵੀ ਫੈਸਲਾ ਕਰ ਸਕਦੇ ਹਨ ਤੇ ਇਸ ਅਧਾਰ ਤੇ ਵਾਜਬ ਠਹਿਰਾ ਸਕਦੇ ਹਨ ਕਿ ਉਹ ਹੁਕਮਰਾਨ ਹਨ। ਪਰ ਆਪਣੇ ਫਰਜ਼ਾਂ ਨੂੰ ਪਛਾਣਨ ਤੇ ਪੂਰੇ ਕਰਨ ਦੀ ਕੋਈ ਵੀ ਜ਼ਿੰਮੇਵਾਰੀ ਲੈਣਾ ਉਹ ਲੋੜੀਂਦਾ ਨਹੀਂ ਸਮਝਦੇ। ਇਸ ਲਈ ਇਹੋ ਜਿਹੇ ਹੁਕਮਰਾਨਾਂ ਦਾ, ਇਹੋ ਜਿਹੀ ਰਾਜਨੀਤਕ ਸ਼ਕਤੀ ਦਾ, ਤਖ਼ਤਾ ਪਲਟਣ ਵਿਚ ਲੋਕ ਵੀ ਹੱਕੀ ਹੋਣਗੇ ਤੇ ਆਪਣੇ ਫ਼ਰਜ਼ਾਂ ਦੀ ਹੀ ਪਾਲਣਾ ਕਰ ਰਹੇ ਹੋਣਗੇ। ਇਤਿਹਾਸਕ ਤੌਰ ਤੇ ਵਿਕਸੇ ਹਿੰਦੁਸਤਾਨੀ ਖ਼ਿਆਲ ਇਹ ਹਨ ਕਿ ਜ਼ਮੀਰ ਦਾ ਅਰਥ ਬੜਾ ਗਹਿਰਾ ਹੈ ਜੋ ਮਨਮਰਜ਼ੀ ਨਾਲ ਨਹੀਂ ਤਬਦੀਲ ਕੀਤਾ ਜਾ ਸਕਦਾ। ਇਸਦਾ ਇਕੋ ਇਕ ਅਰਥ ਇਹ ਹੈ ਕਿ ਜੋ ਜਾਬਰ ਕਰੇ, ਜੋ ਜ਼ਿਹਨ ਨੂੰ ਸ਼ਸ਼ੋਪੰਜ ਵਿਚ ਪਾਵੇ, ਜੋ ਇਨਸਾਨੀ ਅਮਲ ਦੇ ਰਾਹ ਵਿਚ ਰੁਕਾਵਟ ਬਣੇ, ਉਸ ਨੂੰ ਉਲਟਾਉਣਾ, ਉਹਦਾ ਤਖ਼ਤਾ ਪਲਟਣਾਂ ਜਾਇਜ਼ ਹੈ। ਮਿਸਾਲ ਦੇ ਤੌਰ ਤੇ, ਗਰੀਬ ਅਤੇ ਬੇਰੁਜ਼ਗਾਰ ਮੌਜੂਦ ਹਨ ਅਤੇ ਬੇਰੁਜ਼ਗਾਰ ਹੋਣ ਦੀ ਵਜਾਹ ਕਰਕੇ ਹੀ ਓਹ ਆਪਣੇ ਅਧਿਕਾਰ ਮੰਗ ਰਹੇ ਹਨ। ਉਹ ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਹਾਲਤ ਵਿਚੋਂ ਬਾਹਰ ਨਿਕਲਣ ਦਾ ਹੱਕ ਮੰਗਦੇ ਹਨ। ਅਜੇਹੀ ਮੰਗ ਕਰਨਾ ਉਨ੍ਹਾਂ ਦਾ ਫ਼ਰਜ਼ ਹੈ। ਇਵੇਂ ਹੀ ਜਦ ਔਰਤਾਂ ਮੰਗ ਕਰਦੀਆਂ ਹਨ ਕਿ ਸਮਾਜ ਵਿਚ ਉਨ੍ਹਾਂ ਨਾਲ ਵਿਤਕਰੇ ਅਤੇ ਬੇਇੱਜ਼ਤੀ ਦੀ ਸਥਿਤੀ ਖ਼ਤਮ ਕੀਤੀ ਜਾਵੇ ਤਾਂ ਉਹ ਸਮਾਜ ਪ੍ਰਤੀ ਆਪਣੇ ਇਕ ਫ਼ਰਜ਼ ਨੂੰ ਹੀ ਪੂਰਾ ਕਰਦੀਆਂ ਹਨ। ਬਹੁਤੀਆਂ ਸਰਕਾਰਾਂ ਅਤੇ ਕੌਮਾਂਤਰੀ ਅਦਾਰੇ, ਜਿਵੇਂ ਕਿ

ਸੰਯੁਕਤ ਰਾਸ਼ਟਰ ਦੀ ਸਿਕਿਉਰਿਟੀ ਕੌਂਸਲ, ਆਦਿ, ਆਪਣੇ ਫ਼ੈਸਲਿਆਂ ਨੂੰ ਇਸ ਅਧਾਰ ਤੇ ਹੱਕੀ ਠਹਿਰਾਉਂਦੇ ਹਨ ਕਿ ਇਨ੍ਹਾਂ ਨੂੰ ਫੈਸਲੇ ਕਰਨ ਦਾ ਅਧਿਕਾਰ ਹੈ, ਮਨਜ਼ੂਰੀ ਹੈ ਉਨ੍ਹਾਂ ਕੋਲ। ਲੇਕਿਨ ਭੁੱਲ ਜਾਂਦੇ ਹਨ ਕਿ ਕੋਈ ਫ਼ਰਜ਼ ਵੀ ਹਨ ਇਨ੍ਹਾਂ ਦੇ। ਜਦੋਂ ਲੋਕੀ ਸਰਕਾਰਾਂ ਤੇ ਅਦਾਰਿਆਂ ਤੋਂ ਆਪਣੇ ਹੱਕਾਂ ਨੂੰ ਮੰਗਦੇ ਹਨ ਕਿ ਇਨਸਾਨ ਹੋਣ ਦੇ ਤੌਰ ਤੇ ਉਨ੍ਹਾਂ ਦੇ ਫਲਾਣੇ ਫਲਾਣੇ ਹੱਕ ਹਨ ਜੋ ਮਿਲਣੇ ਚਾਹੀਦੇ ਹਨ ਤਾਂ ਲੋਕ ਆਪਣੇ ਫ਼ਰਜ਼ ਦੀ ਹੀ ਪੂਰਤੀ ਕਰਦੇ ਹਨ। ਉਨ੍ਹਾਂ ਦੀ ਹਾਲਤ ਮਜਬੂਰ ਕਰਦੀ ਹੈ ਕਿ ਉਹ ਆਪਣੇ ਹੱਕ ਮੰਗਣ। ਹਾਲਾਤ ਮਜਬੂਰ ਕਰਦੇ ਹਨ ਕਿ ਉਹ ਆਪਣੇ ਹੱਕਾਂ ਲਈ ਲੜਦੇ ਹੋਏ ਸਮਾਜ ਦੀ ਤਰੱਕੀ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ। ਕੋਈ ਵੀ ਸਤਾ ਆਪਣੇ ਫ਼ਰਜ਼ਾਂ ਦੀ ਕੋਤਾਹੀ ਕਰਨ ਵਿਚ ਹੱਕੀ ਨਹੀਂ ਜੇ ਹਾਲਾਤਾਂ ਦੀ ਮਜਬੂਰੀ ਨਹੀਂ। ਇਸ ਪੱਖੋਂ ਵੇਖੀਏ ਤਾਂ ਹਾਲਾਤਾਂ ਦੀ ਮਹੱਤਤਾ ਕਾਗਜ਼ੀ ਕਾਰਵਾਈਆਂ ਅਤੇ ਕਾਲਪਨਿਕ ਖਿਆਲਾਂ ਨਾਲੋਂ ਕਿਤੇ ਜ਼ਿਆਦਾ ਹੈ। ਜਦੋਂ ਸੱਤਾਧਾਰੀ ਇਸ ਤਰ੍ਹਾਂ ਦੇ ਅਧਾਰ ਤੇ ਕਾਰਵਾਈ ਕਰਦੇ ਹਨ ਤਾਂ ਜ਼ਮੀਰ ਦੇ ਹੱਕ ਨੂੰ ਉਲੰਘਦੇ ਹਨ।

ਬਹਰਹਾਲ, ਇਸ ਸਚਾਈ ਨੂੰ ਲੁਕੋਣ ਲਈ ਕਿ ਵੱਖ ਵੱਖ ਅਧਿਕਾਰੀ ਜਾਂ ਸਰਕਾਰਾਂ ਆਪਣੇ ਫਰਜ਼ਾਂ ਨੂੰ ਪੂਰਾ ਨਹੀਂ ਕਰ ਰਹੀਆਂ, ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮਨੁੱਖੀ ਅਧਿਕਾਰਾਂ ਦੀ ਮੰਗ ਨੂੰ ਇਕ ਅਜੇਹੇ ਦਾਇਰੇ ਵਿਚ ਹੀ ਰੱਖਿਆ ਜਾਵੇ ਜਿਸ ਨਾਲ ਇਨ੍ਹਾਂ ਸੱਤਾਧਾਰੀਆਂ ਨੂੰ ਫ਼ਾਇਦਾ ਹੋਵੇ। ਜੋ ਅਦਾਰੇ ਸਰਦ ਜੰਗ ਦੇ ਜ਼ਮਾਨੇ ਵਿਚ ਆਪਣੇ ਲਾਭ ਲਈ ਮਨੁੱਖੀ ਅਧਿਕਾਰਾਂ ਦੀ ਰਾਖੀ ਦੀਆਂ ਟਾਹਰਾਂ ਮਾਰਿਆ ਕਰਦੇ ਸਨ ਉਹੋ ਹੁਣ ਮਾਨਵੀ ਅਧਿਕਾਰਾਂ ਦੀ ਵੱਧ ਰਹੀ ਮੰਗ ਨੂੰ ਨਕੇਲ ਪਾਉਣ ਦੇ ਯਤਨ ਕਰ ਰਹੇ ਹਨ। ਇਹਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਇਕ ਗੱਲ ਅਸਲੋਂ ਸਪੱਸ਼ਟ ਹੈ ਕਿ ਸਰਦ ਜੰਗ ਦੀ ਸਮਾਪਤੀ ਨਾਲ ਵੀ ਉਹ ਹਾਲਾਤ ਖ਼ਤਮ ਨਹੀਂ ਹੋਏ ਜਿਨ੍ਹਾਂ ਕਰਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਸੀ। ਦਰਅਸਲ ਹਾਲਾਤ ਹੋਰ ਵੀ ਵਿਗੜ ਰਹੇ ਹਨ ਤੇ ਮਨੁੱਖੀ ਅਧਿਕਾਰਾਂ ਦਾ ਹੋਰ ਵਧੇਰੇ ਘਾਣ ਕੀਤਾ ਜਾ ਰਿਹਾ ਹੈ। ਇਹ ਕੋਈ ਇਤਫ਼ਾਕੀਆ ਗੱਲ ਨਹੀਂ ਕਿ ਸਰਦ ਜੰਗ ਖ਼ਤਮ ਹੋਣ ਦੇ ਬਾਅਦ ਦੇ ਸਮੇਂ ਦੌਰਾਨ ਹਾਲਾਤ ਅਤੇ ਸਤਾ ਵਿਚਕਾਰਲੀ ਟੱਕਰ ਬੜੀ ਉਘੜਕੇ ਸਾਹਮਣੇ ਆ ਰਹੀ ਹੈ। ਵਜਾਹ ਇਹ ਹੈ ਕਿ ਲੋਕ ਉਸ ਹਾਲਾਤ ਨੂੰ ਬਦਲਣ ਲਈ ਯਤਨਸ਼ੀਲ ਹਨ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਜ਼ਿੰਮੇਵਾਰ ਹੈ। ਲੋਕ ਆਪਣੇ ਜ਼ਮੀਰ ਦੇ ਹੱਕ ਦੀ ਰਾਖੀ ਕਰਨਾ ਤੇ ਇਸ ਹੱਕ ਦੇ ਤੱਤ ਨੂੰ ਆਪਣੀ ਦਸ਼ਾ ਬਦਲਣ ਵਾਸਤੇ ਵਰਤਣਾ ਚਾਹੁੰਦੇ ਹਨ।

ਇਹ ਕਹਿਣਾ ਲਾਭਕਾਰੀ ਨਹੀਂ ਹੋਵੇਗਾ ਕਿ ਹਰੇਕ ਸਤਾ ਦੀ ਵਿਰੋਧਤਾ ਕਰਨ ਨਾਲ ਹੀ ਜ਼ਮੀਰ ਦੇ ਹੱਕ ਦਾ ਕਾਰਜ ਅੱਗੇ ਵੱਧ ਸਕਦਾ ਹੈ। ਪਰ ਇਹ ਵੀ ਨਹੀਂ ਕਹਿ ਸਕਦੇ ਕਿ ਕੋਈ ਸਤਾ ਉਲਟਾਈ ਹੀ ਨਹੀਂ ਜਾ ਸਕਦੀ। ਤੇ ਨਾ ਹੀ ਇਹ ਸਹੀ ਹੋਵੇਗਾ ਕਿ ਉਨ੍ਹਾਂ ਹਾਲਾਤਾਂ ਨੂੰ ਪਲਟੇ ਬਗੈਰ ਹੀ ਜ਼ਮੀਰ ਦੇ ਹੱਕ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਇਹਦੀ ਪ੍ਰਾਪਤੀ ਵਿਚ ਰੁਕਾਵਟ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਜਾਂ ਤਾਂ ਸੱਤਾਧਾਰੀਆਂ ਨੂੰ ਉਹ ਹਾਲਾਤ ਤਬਦੀਲ ਕਰਨੇ ਪੈਣਗੇ ਜੋ ਜ਼ਮੀਰ ਦੇ ਹੱਕ ਦੇ ਰਾਹ ਵਿਚ ਰੁਕਾਵਟ ਖੜੀ ਕਰਦੇ ਹਨ ਜਾਂ ਫਿਰ ਹਾਲਾਤ ਤਦ ਤੱਕ ਹੋਰ ਵਿਗੜਦੇ ਜਾਣਗੇ ਜਦ ਤੱਕ ਕਿ ਲੋਕ ਉਠ ਕੇ ਅਜੇਹੇ ਸੱਤਾਧਾਰੀਆਂ ਦਾ ਤਖਤਾ ਨਹੀਂ ਪਲਟ ਦਿੰਦੇ। ਸੋ, ਜਿਸ ਪੱਖੋਂ ਵੀ ਵੇਖੀਏ, ਸਤਾ ਦਬਾਅ ਹੇਠ ਆ ਰਹੀ ਹੈ ਅਤੇ ਹਾਲਾਤ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਬਦਲਿਆ ਜਾਵੇ, ਅਤੇ ਵਧੇਰੇ ਤੋਂ ਵਧੇਰੇ ਗਿਣਤੀ ਵਿਚ ਲੋਕ ਆਪਣਾ ਫ਼ਰਜ਼ ਪੂਰਾ ਕਰਨ ਲਈ ਅੱਗੇ ਆ ਰਹੇ ਹਨ। ਸਰਦ ਜੰਗ ਤੋਂ ਮਗਰੋਂ ਦੇ ਦੌਰ ਵਿਚ ਮਨੁੱਖੀ ਅਧਿਕਾਰਾਂ ਲਈ ਜਦੋਜਹਿਦ ਦਾ ਤੱਤ ਇਹੋ ਹੀ ਚੀਜ਼ ਹੈ। ਜਿੱਦਾਂ ਜਿੱਦਾਂ ਵੇਲਾ ਗੁਜ਼ਰੇਗਾ, ਸਾਫ਼ ਹੁੰਦਾ ਜਾਵੇਗਾ ਕਿ ਮਨੁੱਖੀ ਅਧਿਕਾਰਾਂ ਲਈ ਮੰਗ ਦਾ ਤੱਤ ਕੀ ਸ਼ਕਲ ਲਏਗਾ। ਰੂਪ ਅਲੱਗ ਹੋ ਸਕਣਗੇ ਪਰ ਤੱਤ ਇਕੋ ਰਹੇਗਾ ਕਿ ਸੱਤਾਧਾਰੀਆਂ ਦੇ ਦਾਅਵਿਆਂ ਅਤੇ ਹਾਲਾਤਾਂ ਦੀ ਮੰਗ ਵਿਚ ਜੋ ਵਿਰੋਧ ਹੈ ਉਸ ਵਿਚਕਾਰ ਇਕ ਫਸਵੀਂ ਟੱਕਰ ਹੈ।

**ਸਤਾ ਅਤੇ ਫਰਜ਼ਾਂ ਦੀ ਕੋਤਾਹੀ**

ਐਸ ਵੇਲੇ, ਉਨ੍ਹਾਂ ਮੁਲਕਾਂ ਦੀ ਮਿਸਾਲ ਵੱਲ ਵੇਖਣਾਂ ਲਾਭਕਾਰੀ ਹੋਵੇਗਾ ਜਿਨ੍ਹਾਂ ਦੇ ਇਲਾਕੇ ਵਿਚ ਇਕ ਤੋਂ ਬਹੁਤੀਆਂ ਕੌਮਾਂ ਵਸਦੀਆਂ ਹਨ। ਅਜੇਹੀਆਂ ਸਟੇਟਾਂ ਜਿਸ ਵੇਲੇ ਇਹ ਮੰਗ ਕਰਦੀਆਂ ਹਨ ਕਿ ਉਨ੍ਹਾਂ ਦੇ ਮੁਲਕਾਂ ਦੀ ਏਕਤਾ ਅਤੇ ਇਲਾਕਾਈ ਅਖ਼ੰਡਤਾ ਹਰ ਚੀਜ਼ ਤੋਂ ਉਪਰ ਹੈ, ਤਾਂ ਇਸ ਤਰ੍ਹਾਂ ਦੀ ਮੰਗ ਆਪਣੇ ਤੌਰ ਤੇ ਹੀ ਜ਼ਮੀਰ ਦੇ ਹੱਕ ਨੂੰ ਖ਼ਤਮ ਕਰਨ ਵੱਲ ਜਾ ਸਕਦੀ ਹੈ ਅਤੇ ਮਾਨਵੀ ਅਧਿਕਾਰਾਂ ਤੇ ਇਸ ਤਰ੍ਹਾਂ ਦੀ ਬੰਦਸ਼ ਲਾ ਸਕਦੀ ਹੈ ਕਿ ਉਸ ਮੁਲਕ ਦੇ ਲੋਕਾਂ ਨੂੰ ਆਪਣੇ ਸਮਾਜ ਦਾ ਨਵੀਨੀਕਰਨ ਕਰਨ ਦੀ ਮਨਾਹੀ ਹੋ ਜਾਵੇ। ਇਸ ਤੜ੍ਹਾਂ ਦੀ ਮੰਗ ਲੋਕਾਂ ਨੂੰ ਮਜਬੂਰ ਕਰ ਸਕਦੀ ਕਿ ਉਨ੍ਹਾਂ ਕੋਲ ਅਜੇਹੀ ਸਤਾ ਨੂੰ ਉਲਟਾ ਕੇ ਆਪਣੀ ਧਰਮ ਦੀ ਪਾਲਣਾ ਕਰਨ ਦੇ ਬਗੈਰ ਹੋਰ ਕੋਈ ਚਾਰਾ ਨਾ ਰਹੇ। ਅਜਿਹੀ ਸਥਿਤੀ ਵਿਚ ਸਤਾ ਵਲੋਂ ਮੁਲਕ ਦੀ ਏਕਤਾ ਤੇ ਇਲਾਕਾਈ ਅਖੰਡਤਾ ਦੀ ਮੰਗ ਇਸ ਗੱਲ ਦੀ ਤੌਹੀਨ ਹੋਵੇਗੀ ਜੋ ਮੌਕੇ ਦੇ ਹਾਲਾਤ ਲੋਕਾਂ ਨੂੰ ਦੱਸ ਰਹੇ ਹਨ ਕਿ ਇਹ ਕਰਨ ਦੀ ਲੋੜ ਹੈ। ਹੋ ਸਕਦਾ ਹੈ ਇਹੋ ਜਿਹੀ ਸਤਾ ਆਪਣੇ ਆਪ ਨੂੰ ਇਸ ਅਧਾਰ ਤੇ ਠੀਕ ਦਰਸਾਵੇ ਸਕਦੀ ਹੈ ਕਿ ਇਹ ਸਤਾ ਹੈ, ਲੇਕਿਨ ਹਾਲਾਤ ਇਹੋ ਜਿਹੀ ਸਤਾ ਨੂੰ ਮੰਨਦੇ ਨਹੀਂ। ਸਾਫ਼ ਲਗਦਾ ਹੈ ਕਿ ਜੋ ਸਤਾ ਚਾਹੁੰਦੀ ਹੈ ਅਤੇ ਜੋ ਕੁਝ ਕਰਨ ਲਈ ਹਾਲਾਤ ਲੋਕਾਂ ਨੂੰ ਕਹਿ ਰਹੇ ਹਨ ਇਨ੍ਹਾਂ ਦੋਹਾਂ ਵਿਚ ਟੱਕਰ ਹੋਵੇਗੀ। ਇਸ ਸਥਿਤੀ ਵਿਚ ਜ਼ਮੀਰ ਦਾ ਹੱਕ ਨਾ ਸਿਰਫ਼ ਇਸ ਟੱਕਰ ਦਾ ਖ਼ਾਤਮਾ ਕਰਨ ਵੱਲ ਹੀ ਲਿਜਾਵੇਗਾ ਜੋ ਸਤਾ

ਚਾਹੁੰਦੀ ਹੈ ਤੇ ਜੋ ਕਰਨ ਲਈ ਹਾਲਾਤ ਮੰਗ ਰਹੇ ਹਨ ਬਲਕਿ ਇਹ ਉਸ ਅਰਾਜਕਤਾ ਅਤੇ ਹਿੰਸਾ ਦੀ ਵੀ ਅੰਤ ਕਰੇਗਾ ਜੋ ਇਸ ਟੱਕਰ ਦੇ ਆਸਰੇ ਵਧਦੇ ਫੁਲਦੇ ਹਨ।

ਇਕ ਹੋਰ ਮਿਸਾਲ ਲਵੋ ਜਿਥੇ ਹਿੰਦੁਸਤਾਨ ਦੇ ਕਈ ਹਿਸਿਆਂ ਵਿਚ ਇਕ ਦੂਜੇ ਦੇ ਬਿਲਕੁਲ ਖਿਲਾਫ਼ ਖੜੀਆਂ ਦੋ ਤਾਕਤਾਂ ਹੋਂਦ ਵਿਚ ਆ ਚੁਕੀਆਂ ਹਨ। ਇਹ ਮੁਖ਼ਾਲਿਫ਼ ਤਾਕਤਾਂ ਬਰਤਾਨੀਆ ਨਾਲ ਕੀਤੇ ਸਮਝੌਤੇ ਅਨੁਸਾਰ 1947 ਵਿਚ ਤਾਕਤ ਦੇ ਤਬਾਦਲੇ ਅਤੇ ਮੁਲਕ ਦੇ ਬਟਵਾਰੇ ਅਤੇ ਬਾਅਦ ਵਿਚ 26 ਜਨਵਰੀ 1950 ਨੂੰ ਲਾਗੂ ਕੀਤੇ ਗਏ ਸੰਵਿਧਾਨ ਦੇ ਆਸਰੇ ਬਣੇ ਹਿੰਦੁਸਤਾਨ ਦੇ ਸੰਘ ਅੰਦਰ ਪੈਦਾ ਹੋਈਆਂ ਹਨ। ਇਸ ਸੰਘ ਵਿਚ ਇਕ ਦੇ ਦੂਜੇ ਦੇ ਬਿਲਕੁਲ ਮੁਖ਼ਾਲਿਫ਼ ਇਨ੍ਹਾਂ ਦੋ ਤਾਕਤਾਂ ਦੀ ਉਤਪਤੀ ਕਿਉਂ ਹੋਈ? ਇਸ ਸੰਘ ਦਾ ਫ਼ਾਇਦਾ ਇਕ ਹੀ ਤਾਕਤ ਕਿਉਂ ਉਠਾਉਣਾਂ ਚਾਹੁੰਦੀ ਹੈ ਜਦ ਕਿ ਦੂਸਰੀ ਤਾਕਤ ਨੂੰ ਇਹਦੇ ਵਿਚ ਕੋਈ ਭਵਿਖ ਨਜ਼ਰ ਨਹੀਂ ਆਉਂਦਾ? ਕਿਤੇ ਅਜੇਹਾ ਤੇ ਨਹੀਂ ਕਿ ਇਕ ਦੇ ਬਅਅਦ ਦੂਸਰੀ ਹਿੰਦੁਸਤਾਨੀ ਸਰਕਾਰ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਵਿਚ ਕੋਤਾਹੀ ਕਰਦੀ ਰਹੀ ਹੋਵੇ ਅਤੇ ਕਈ ਤਰ੍ਹਾਂ ਦੇ ਲੋਕ ਉਨ੍ਹਾਂ ਹਾਲਾਤਾਂ ਨਾਲ ਅਸੰਤੁਸ਼ਟ ਹਨ ਜੋ ਇਸ ਸੰਘ ਨੇ ਉਨ੍ਹਾਂ ਤੇ ਮੜ੍ਹ ਰੱਖੇ ਹਨ? ਕੀ ਇਹ ਤੇ ਨਹੀਂ ਕਿ 1947 ਵਿਚ ਜੋ ਸਮਝੌਤਾ ਕੀਤਾ ਗਿਆ ਸੀ ਉਹਦੇ ਵਿਚ ਕੋਈ ਬੁਨਿਆਦੀ ਨੁਕਸ ਸੀ ਜਾਂ 1950 ਵਿਚ ਲਾਗੂ ਕੀਤੇ ਗਏ ਸੰਵਿਧਾਨ ਵਿਚ ਖ਼ਾਮੀਆਂ ਸਨ? ਇਹੋ ਜਿਹੇ ਸਵਾਲਾਂ ਦਾ ਜਵਾਬ ਲੱਭਣਾ ਪਵੇਗਾ ਕਿਉਂਕਿ ਸਥਿਤੀ ਇਹ ਹੈ ਕਿ ਐਸ ਵੇਲੇ ਦੋ ਤਾਕਤਾਂ ਇਕ ਦੂਜੇ ਦੇ ਬਿਲਕੁਲ ਵਿਰੋਧ ਵਿਚ ਖੜ੍ਹੀਆਂ ਹਨ। ਇਹਦਾ ਜੁਆਬ ਕੀ ਹੈ? ਮੋਟੇ ਤੌਰ ਤੇ ਵੇਖੀਏ ਤਾਂ ਇਹ ਦੋ ਤਾਕਤਾਂ ਦੋ ਅਜਿਹੇ ਖੇਮਿਆਂ ਵਿਚ ਤਕਸੀਮ ਹੋ ਰਹੀਆਂ ਹਨ ਜੋ ਇਕ ਦੂਜੇ ਦੇ ਬਿਲਕੁਲ ਉਲਟ, ਅਸਿਹਮਤੀ ਅਤੇ ਦੁਸ਼ਮਣਾ ਰਵਈਆ ਰੱਖਦੇ ਹਨ। ਇਕ ਸਤਾ ਹੈ ਜਿਹਦੇ ਕੋਲ ਰਾਜਕੀ ਤਾਕਤ ਹੈ ਜਦ ਕਿ ਦੂਜੇ ਕੋਲ ਇਹਦੇ ਮੂਹਰੇ ਅੜਨ ਦੀ ਤਾਕਤ ਹੈ। ਸੱਤਾਧਾਰੀ ਤਾਕਤ ਦੇ ਚੈਂਪੀਅਨ ਆਪਣੇ ਅਮਲਾਂ ਦੀ ਸਫਾਈ ਸਿਰਫ ਇਸ ਦਲੀਲ ਨਾਲ ਦਿੰਦੀ ਹੈ ਕਿ ਤਾਕਤ ਉਨ੍ਹਾਂ ਨੂੰ ਮਿਲੀ ਹੋਈ ਹੈ, ਜਦਕਿ ਸਾਹਮਣੇ ਅੜਨ ਵਾਲੀ ਤਾਕਤ ਕਹਿੰਦੀ ਹੈ ਉਹ ਹਾਲਾਤ ਦੀ ਮੰਗ ਅਨੁਸਾਰ ਚਲ ਰਹੇ ਹਨ। ਲੇਕਿਨ, ਜੇ ਕਰ, ਇਹ ਦੋਵੇਂ ਇਸ ਟੱਕਰ ਦੇ ਨਿਕਲਣ ਵਾਲੇ ਨਤੀਜਿਆਂ ਵੱਲ ਵਿਚ ਗੈਰ ਜ਼ੁਮੇਵਾਰੀ ਅਤੇ ਲਾਪਰਵਾਹੀ ਵਰਤਦੇ ਹਨ ਤਾਂ ਦੋਵੇਂ ਹੀ ਜ਼ਮੀਰ ਦੇ ਹੱਕ ਦੀ ਥਾਂ ਅਰਾਜਕਤਾ ਅਤੇ ਹਿੰਸਾ ਦੇ ਪੁਜਾਰੀ ਬਣ ਜਾਣਗੇ। ਲਾਜ਼ਮੀ ਹੈ ਕਿ ਉਨ੍ਹਾਂ ਨੂੰ ਇਕ ਐਸੀ ਤਾਕਤ ਬਣਨਾ ਪਵੇਗਾ ਜੋ ਸਿਆਸੀ ਏਕਤਾ ਪੈਦਾ ਕਰੇ ਜਿਸਦਾ ਮਤਲਬ ਇਹ ਨਹੀਂ ਉਹ ਕਿਸੇ ਵੀ ਤਰ੍ਹਾਂ ਦੀ ਸਿਆਸਤ ਸਵੀਕਾਰ ਕਰ ਲੈਣ ਜਾਂ ਸਿਰਫ਼ ਇਕ ਹੀ ਵਿਚਾਰਧਾਰਾ ਨੂੰ ਸਵੀਕਾਰ ਕਰਨ। ਅਜੇਹੀ ਤਾਕਤ ਨੂੰ ਹਰ ਤਰ੍ਹਾਂ ਦੇ ਸੰਕੀਰਣ ਵਿਚਾਰ ਰੱਦ ਕਰਨੇ ਪੈਣਗੇ ਤੇ ਫ਼ੌਰਨ ਇਕ ਅਜਿਹਾ ਮੰਚ ਬਣਾਉਣਾ ਪਵੇਗਾ ਜਿਥੋਂ ਸਾਰਿਆਂ ਨੂੰ ਇਕ ਮੁੱਠ ਹੋਣ ਦਾ ਹੋਕਾ ਦਿਤਾ ਜਾਵੇ। ਇਹਨੂੰ ਖ਼ੁਦ ਆਪ ਹਰਕਤ ਵਿਚ ਆ ਕੇ ਸਤਾ ਕੋਲ ਅਤੇ ਸਤਾ ਮੂਹਰੇ ਅੜਨ ਵਾਲੀ ਤਾਕਤ ਕੋਲ ਜਾਣਾ ਪਵੇਗਾ ਅਤੇ ਇਨ੍ਹਾਂ ਨੂੰ ਦੱਸਣਾ ਪਵੇਗਾ ਕਿ ਸਮਾਜ ਦੀ ਵੱਡੇ ਪੈਮਾਨੇ ਤੇ ਹੋਣ ਵਾਲੀ ਤਬਾਹੀ ਸਹਿਣ ਨਹੀਂ ਕੀਤੀ ਜਾ ਸਕਦੀ। ਇਹਨੂੰ ਬਤੌਰ ਇਕ ਸਿਆਸੀ ਤਾਕਤ ਸਾਹਮਣੇ ਆਉਣਾ ਪਵੇਗਾ( ਉਨ੍ਹਾਂ ਤਾਕਤਾਂ ਤੋਂ ਬਿਲਕੁਲ ਅਲੱਗ ਜੋ ਇਕ ਦੂਜੇ ਦੇ ਆਹਮਣੇ ਸਹਮਣੇ ਅੜੀਆਂ ਖੜੀਆਂ ਹਨ)। ਇਹਦਾ ਮਤਲਬ ਇਹ ਹੈ ਕਿ ਇਹੋ ਜਿਹੀ ਸਿਆਸੀ ਤਾਕਤ ਸਤਾ ਦੇ ਸ਼ਿਕਾਰਾਂ ਨਾਲ ਸ਼ਰੇਆਮ ਹਮਦਰਦੀ ਵਿਖਾਵੇ ਪਰ ਇਹ ਸਵੀਕਾਰ ਨਾ ਕਰੇ ਕਿ ਪ੍ਰਤੀਰੋਧ ਏਨਾ ਅੰਨ੍ਹਾਂ ਹੋਵੇ ਕਿ ਸਤਾ ਵਲੋਂ ਫੈਲਾਈ ਗਈ ਹਿੰਸਾ ਅਤੇ ਅਰਾਜਕਤਾ ਦੇ ਖ਼ਿਲਾਫ਼ ਆਪ ਵੀ ਇਹੋ ਕੁਝ ਕਰਨ ਲਗ ਪਵੇ। ਪ੍ਰਤੀਰੋਧ ਨੂੰ ਸਤਾ ਦੇ ਕੰਨ ਕੁਤਰਕੇ ਅਰਾਜਕਤਾ ਅਤੇ ਹਿੰਸਾ ਦਾ ਅੰਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਸ ਵੇਲੇ ਸਟੇਟ ਦਹਿਸ਼ਤ ਗਰਦੀ ਦੇ ਖ਼ਿਲਾਫ਼ ਕੋਈ ਵਿਸ਼ਾਲ ਜਦੋਜਹਿਦ ਉਠਦੀ ਹੈ ਤਾਂ ਪ੍ਰਤੀਰੋਧ ਨੂੰ ਆਪਣੇ ਨਿਸ਼ਾਨੇ ਤੋਂ ਉਕਣਾ ਨਹੀਂ ਚਾਹੀਦਾ। ਇਹ ਲਾਜ਼ਮੀ ਤੌਰ ਤੇ ਉਨ੍ਹਾਂ ਸਾਰਿਆਂ ਨੂੰ ਇਕ ਮੁਠ ਕਰੇ ਜੋ ਸਟੇਟ ਦਹਿਸ਼ਤਗਰਦੀ ਅਤੇ ਵਿਅਕਤਗਤ ਦਹਿਸ਼ਤਗਰਦੀ ਦੇ ਅਮਲਾਂ ਦੇ ਖ਼ਿਲਾਫ਼ ਹਨ। ਪ੍ਰਤੀਰੋਧ ਸਹੀ ਪ੍ਰਤੀਰੋਧ ਤਦ ਹੀ ਹੋ ਸਕਦਾ ਹੈ ਜੇ ਇਹ ਸਿਆਸੀ ਸਟੈਂਡਾਂ ਅਤੇ ਵਿਚਾਰਧਾਰਾ ਦੇ ਅਧਾਰ ਉਤੇ ਕਿਸੇ ਦੇ ਵੀ ਖਿਲਾਫ਼ ਹੁੰਦੀ ਹਿੰਸਾ ਦੀ ਡੱਟ ਕੇ ਮੁਖ਼ਾਲਫਤ ਕਰੇ। ਕੋਈ ਤਾਕਤ ਇਹ ਨਹੀਂ ਕਰ ਸਕਦੀ ਕਿ ਆਪਣਾ ਪ੍ਰੋਗਰਾਮ ਪੇਸ਼ ਕਰੇ ਅਤੇ ਇਸ ਦੇ ਅਧਾਰ ਤੇ ਬਾਕੀ ਸਾਰਿਆਂ ਦੇ ਖ਼ਿਲਾਫ਼ ਜੰਗ ਛੇੜ ਦੇਵੇ। ਨਜ਼ਰੀਆ ਪੇਸ਼ ਕਰਨਾ ਜ਼ਰੂਰੀ ਹੈ ਪਰ ਨਿਖਾੜਾ ਕਰਨ ਵਾਲੀ ਰੇਖਾ ਪਹਿਲਾਂ ਹੀ ਖਿਚੀ ਜਾ ਚੁਕੀ ਹੈ ਜਿਹਦੇ ਇਕ ਪਾਸੇ ਸਤਾਧਾਰੀ ਤਾਕਤ ਹੈ ਦੂਸਰੇ ਪਾਸੇ ਸਥਿਤੀ ਹੈ।

ਜ਼ਮੀਰ ਦਾ ਹੱਕ ਇਕ ਸਿਆਸੀ ਤੇ ਵਿਚਾਰਧਾਰਕ ਸਵਾਲ ਹੈ ਕਿਉਂਕਿ ਇਹ ਹੱਕ ਨਾ ਮਾਰਨਾ ਇਕ ਸਿਆਸੀ ਅਮਲ ਹੈ। ਬਦਲਾਖੋਰੀ ਇਕ ਸਿਆਸੀ ਵਤੀਰਾ ਨਹੀਂ। ਹਿੰਸਾ ਦੇ ਲੜ ਲੱਗਣ ਦਾ ਸਟੇਟ ਦਾ ਅਮਲ ਵੀ ਕੋਈ ਸਿਆਸੀ ਅਮਲ ਨਹੀਂ। ਜਿਸ ਵੇਲੇ ਸਟੇਟ ਦਹਿਸ਼ਤੀ ਕਾਰੇ ਕਰਦੀ ਹੈ ਤਾਂ ਇਹ ਸਾਫ਼ ਹੋ ਜਾਂਦਾ ਹੈ ਕਿ ਇਹ ਸਿਆਸਤ ਨੂੰ ਛੱਡ ਗਈ ਹੈ। ਜਿਸ ਵੇਲੇ ਪ੍ਰਤੀਰੋਧ ਵੀ ਸਿਆਸਤੀ ਵਤੀਰਾ ਤਿਆਗ ਦਿੰਦਾ ਹੈ ਤਾਂ ਇਹ ਸਟੇਟ ਦੀ ਨਿਵਾਣ ਵੱਲ ਹੀ ਗਿਰ ਜਾਂਦਾ ਹੈ ਅਤੇ ਇਸ ਸਥਿਤੀ ਵਿਚ ਜ਼ਮੀਰ ਦੇ ਹੱਕ ਦੇ ਘੁਲਾਟੀਆਂ ਫਰਜ਼ ਬਣ ਜਾਂਦਾ ਹੈ ਕਿ ਉਹ ਦਖ਼ਲ ਦੇਣ। ਬਦਕਿਸਮਤੀ ਦੀ ਗੱਲ ਹੈ ਕਿ ਜਿਵੇਂ ਜਿਵੇਂ ਸਤਾ ਦਾ ਇਤਬਾਰ ਉਠਦਾ ਜਾਂਦਾ ਹੈ ਆਪਣੀ ਉਮਰ ਵਧਾਉਣ ਲਈ ਇਹ ਹੋਰ ਜ਼ਿਆਦਾ ਅਰਾਜਕਤਾ ਅਤੇ ਹਿੰਸਾ ਵੱਲ ਧੱਸਦੀ ਜਾ ਰਹੀ ਹੈ। ਸਟੇਟ ਦਹਿਸ਼ਤਗਰਦੀ ਅਤੇ ਵਿਅਕਤੀਗਤ ਦਹਿਸ਼ਤਗਰਦੀ ਦੇ ਅਮਲਾਂ ਦਾ ਜੁਆਬ ਕਿਸੇ ਵੀ ਤਰ੍ਹਾਂ ਦੀ ਦਹਿਸ਼ਤਗਰਦੀ ਨਹੀਂ ਹੋ ਸਕਦਾ। ਜ਼ਮੀਰ ਦੇ ਹੱਕ ਲਈ ਲੜਨ ਵਾਲੇ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ। ਸਿਰਫ਼ ਸਿਆਸੀ ਵਤੀਰਾ ਹੀ ਪਹਿਲ ਕਦਮੀ ਦਿੰਦਾ ਹੈ ਅਤੇ ਏਕਤਾ ਲਈ ਹਾਲਾਤ ਤਿਆਰ ਕਰਦਾ ਹੈ।

ਇਕ ਮਾੜੇ ਚੱਕਰ ਵਿਚ ਪਿਆ ਜਾ ਸਕਦਾ ਹੈ, ਜਿਵੇਂ ਕਿ ਸਰਦ ਜੰਗ ਦੇ ਖ਼ਾਤਮੇ ਦੇ ਇਸ ਸਮੇਂ ਕਈ ਮੁਲਕ ਪਏ ਹੋਏ ਹੈ। ਸਿਰਫ਼ ਅਮਰੀਕਾ ਹੀ ਨ੍ਹੀਂ ਕਈ ਮੁਲਕ ਜਿਵੇਂ ਕਿ ਇਜ਼ਰਾਇਲ, ਸਾਊਥ ਅਫਰੀਕਾ, ਹਿੰਦੁਸਤਾਨ ਜਾਂ ਬਰਤਾਨੀਆਂ ਜੋ

ਆਪਣੇ ਦਹਿਸ਼ਤਵਾਦ ਨੂੰ ਇਸ ਅਧਅਰ ਤੇ ਸਹੀ ਠਹਿਰਾਉਂਦੇ ਹਨ ਕਿ ਕੋਈ ਦੂਸਰੀ ਧਿਰ ਦਹਿਸ਼ਤਵਾਦੀ ਹੈ। ਬਹੁਤੀ ਦਫ਼ਾ ਇਹ ਸਤਾਧਾਰੀ ਤਾਕਤ ਹੀ ਹੁੰਦੀ ਹੈ ਜੋ ਵਿਅਕਤੀਗਤ ਦਹਿਸ਼ਤ ਦੇ ਕਾਰਿਆਂ ਲਈ ਹਾਲਾਤ ਤਿਆਰ ਕਰਨ ਲਈ ਜ਼ਿਮੇਵਾਰ ਹੁੰਦੀ ਹੈ। ਇਹ ਦਹਿਸ਼ਤਗਰਦੀ ਦੇ ਇਹੋ ਜਿਹੇ ਕੰਮਾਂ ਲਈ ਪੈਸਾ ਵੀ ਦਿੰਦੀ ਹੈ ਤੇ ਫਿਰ ਸਟੇਟ ਦਹਿਸ਼ਤਗਰਦੀ ਕਰਨ ਲਈ ਇਨ੍ਹਾਂ ਨੂੰ ਇਕ ਬਹਾਨੇ ਦੇ ਤੌਰ ਤੇ ਵਰਤਦੀ ਹੈ ਜਿਵੇਂ ਕਿ ਸਾਰੇ ਸਬੂਤ ਹਨ ਕਿ ਸਾਊਥ ਅਫ਼ਰੀਕਾ ਵਿਚ ਦਹਿਸ਼ਤਗਰਦੀ ਕਰਨ ਵਾਲੀ `ਤੀਸਰੀ ਤਾਕਤ` ਦੇ ਪਿਛੇ ਸਟੇਟ ਦਾ ਹੱਥ ਸੀ। ਜਦੋਂ ਇਕ ਹਕੂਮਤ ਅਰਾਜਕਤਾ ਅਤੇ ਹਿੰਸਾ ਦਾ ਮੁਕਾਬਲਾ ਕਰਨ ਦੇ ਦਾਅਵੇ ਹੇਠ ਅਤਿਅੰਤ ਸ਼ਕਤੀ ਵਰਤਣ ਲੱਗ ਪਵੇ ਅਤੇ ਆਮ ਲੋਕਾਂ ਦੀ ਬੇਇਜ਼ਤੀ ਕਰਨ ਅਤੇ ਜਬਰ ਦੇ ਰਾਹ ਪੈ ਜਾਵੇ ਤਾਂ ਇਹ ਕੋਈ ਜਗੋਂ ਬਾਹਰੀ ਗੱਲ ਨਹੀਂ ਇਸ ਸਟੇਟ ਨੇ ਅਰਾਜਕਤਾ ਅਤੇ ਹਿੰਸਾ ਦੇ ਇਹ ਹਾਲਾਤ ਖੁਦ ਆਪ ਹੀ ਪੈਦਾ ਕੀਤੇ ਹੋਣ। ਵਰਨਾ ਇਹ ਸੰਭਵ ਨਹੀਂ ਕਿ ਲੋਕਾਂ ਉਤੇ ਇਸ ਪੈਮਾਨੇ ਉਤੇ ਹਮਲੇ ਹੋਣ ਜਿਸ ਪੈਮਾਨੇ ਉਤੇ ਦੁਨੀਆਂ ਦੇ ਕਈ ਮੁਲਕਾਂ ਵਿਚ ਹੋ ਰਹੇ ਹਨ। ਇਹੋ ਜਿਹੀ ਸਰਕਾਰ ਇਹ ਦਾਅਵੇ ਕਰਨ ਤੋਂ ਕਤੱਈ ਨਹੀਂ ਉਕਦੀ ਕਿ ਇਹਦਾ ਤਾਂ ਕੋਈ ਕਸੂਰ ਹੀ ਨਹੀਂ ਤੇ ਇਹ ਜੋ ਵੀ ਕਰਦੀ ਹੈ ਸਾਰੇ ਲੋਕਾਂ ਅਤੇ ਇਨਸਾਨੀਅਤ ਦੇ ਭਲੇ ਲਈ ਹੈ। ਲੇਕਿਨ ਹਿੰਸਾ ਅਤੇ ਅਰਾਜਕਤਾ ਦੀ ਹੋਂਦ ਹੀ ਉਨ੍ਹਾਂ ਦੇ ਇਸ ਦਾਅਵੇ ਨੂੰ ਖੋਖਲਾ ਸਾਬਤ ਕਰਦੀ ਹੈ। ਇਨ੍ਹਾਂ ਹਾਲਾਤਾਂ ਵਿਚ ਇਹ ਕਹਿਣਾ ਔਖਾ ਨਹੀਂ ਕਿ ਜੇ ਕੋਈ ਸਰਕਾਰ ਲੋਕਾਂ ਦੇ ਹਿਤਾਂ ਲਈ ਲੜਦੀ ਹੋਵੇ ਅਤੇ ਆਪਣੇ ਫ਼ਰਜ਼ ਪੂਰੇ ਕਰ ਰਹੀ ਹੋਵੇ ਤਾਂ ਹੋ ਹੀ ਨਹੀਂ ਸਕਦਾ ਕਿ ਹਿੰਸਾ ਅਤੇ ਅਰਾਜਕਤਾ ਦੀ ਚੜ੍ਹਤ ਹੋਵੇ ਕਿਉਂਕਿ ਲੋਕ ਸੱਭ ਤੋਂ ਬਹੁਤੀ ਘਿਰਣਾ ਅਰਾਜਕਤਾ ਅਤੇ ਹਿੰਸਾ ਨਾਲ ਕਰਦੇ ਹਨ ਕਿਉਂਕਿ ਇਹਦਾ ਬਹੁਤਾ ਨੁਕਸਾਨ ਵੀ ਉਨ੍ਹਾਂ ਨੂੰ ਹੀ ਹੁੰਦਾ ਹੈ ਅਤੇ ਜੇਕਰ ਸਰਕਾਰ ਲੋਕਾਂ ਦੇ ਹਿਤਾਂ ਲਈ ਲੜਦੀ ਹੋਵੇ ਤਾਂ ਲੋਕ ਉਹਦੇ ਨਾਲ ਕਿਉਂ ਨਹੀਂ ਹੋਣਗੇ। ਜੇ ਅਜਿਹਾ ਨਹੀਂ ਤਾਂ ਹਾਲਾਤ ਦੀ ਆਵਾਜ਼ ਹਾਲਾਤ ਦੀ ਦਲੀਲ ਪਕੜ ਕਰੇਗੀ ਹੀ। ਕਿਸੇ ਵੀ ਸਮਾਜ ਵਿਚ ਜੋ ਹਾਲਾਤ ਹਨ ਉਸ ਤੋਂ ਵੱਡਾ ਸਬੂਤ ਹੋਰ ਕੋਈ ਨਹੀਂ ਸਮਾਜ ਕਿਸ ਤਰ੍ਹਾਂ ਦਾ ਹੈ, ਅਰਬਾਂ ਡਾਲਰ ਖ਼ਰਚਕੇ ਵੀ ਇਸ ਹਕੀਕਤ ਨੂੰ ਛੁਪਾਇਆ ਨਹੀਂ ਜਾ ਸਕਦਾ। ਜੋ ਹੈ ਉਹ ਸਾਹਮਣੇ ਰਹੇਗਾ। ਜੋ ਹਾਲਾਤ ਮੌਜੂਦ ਹਨ ਉਹ ਸਤਾ ਦੇ ਹਰ ਦਾਅਵੇ ਨੂੰ ਨਕਾਰਦੇ ਹਨ।

**ਨਵੀਨੀਕਰਨ ਅਤੇ ਟੁੱਟ-ਭੱਜ**

ਸਰਦ ਜੰਗ ਦੇ ਜ਼ਮਾਨੇ ਦੌਰਾਨ ਦੋਵੇਂ ਧਿਰਾਂ ਆਪੋ ਆਪਣੇ ਹਿਤਾਂ ਅਨੁਸਾਰ ਆਪੋ ਆਪਣੇ ਸਟੈਂਡ ਨੂੰ ਹੱਕੀ ਠਹਿਰਾਉਂਦੀਆਂ ਰਹੀਆਂ ਸਨ। ਪਰ ਹੁਣ ਲਗਦਾ ਹੈ ਕਿ ਇਹੋ ਜਿਹੀ ਦਲੀਲਬਾਜ਼ੀ ਹੋਰ ਵੀ ਹਿੰਸਕ ਰੂਪ ਧਾਰ ਗਈ ਹੈ ਤੇ ਅਮਰੀਕਾ, ਜਪਾਨ, ਜਰਮਨੀ ਅਤੇ ਹੋਰਨਾਂ ਦੇ ਹਿਤਾਂ ਵਿਚਕਾਰ ਹੋਰ ਵੀ ਹਿੰਸਕ ਟਕਰਾਉ ਹੋਣ ਦੇ ਇਮਕਾਨ ਬਣਦੇ ਜਾ ਰਹੇ ਹਨ। ਸਤਾ ਦੀਆਂ ਦਲੀਲਾਂ ਅਤੇ ਸਥਿਤੀਆਂ ਦੀ ਮੰਗ ਵਿਚਕਾਰ ਟੱਕਰ ਵੱਧ ਰਹੀ ਹੈ। ਨਤੀਜੇ ਦੇ ਤੌਰ ਤੇ, ਮਨੁੱਖੀ ਅਧਿਕਾਰਾਂ ਦੀ ਬਹਾਲੀ ਦੀ ਮੰਗ ਅਤੇ ਇਨ੍ਹਾਂ ਦੀ ਉਲੰਘਣਾ ਦੀ ਮੁਖ਼ਾਲਫ਼ਤ ਦਿਨੋਂ ਦਿਨ ਵਿਸ਼ਾਲ ਹੁੰਦੀ ਜਾ ਰਹੀ ਹੈ। ਉਹ, ਜੋ ਆਪਣੇ ਹਾਲਾਤਾਂ ਦੀ ਮਜਬੂਰੀ ਕਰਕੇ ਸਤਾ ਦੇ ਖ਼ਿਲਾਫ਼ ਖੜ੍ਹਦੇ ਹਨ, ਆਪਣੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਨੂੰ ਸਹੀ ਕਿਵੇਂ ਠਹਿਰਾਉਣ? ਕੀ ਉਹ ਇਹ ਦਲੀਲ ਦੇਣ ਕਿ `ਸਾਰੇ ਬੰਦੇ ਜਮਾਂਦਰੂ ਤੌਰ ਬਰਾਬਰ ਹਨ`, ਜਾਂ ਵਿਚਾਰਧਾਰਕ ਅਤੇ ਸਿਆਸੀ ਬਹੁਵਾਦ ਦੀ ਦਲੀਲ ਦੇਣ, ਜਾਂ ਫਿਰ ਇਸ ਅਧਾਰ ਉੱਤੇ ਕਿ ਇਕ ਜਮਾਤ ਦੂਸਰਿਆਂ ਦੇ ਹੱਕ ਮਾਰ ਕੇ ਹੀ ਆਪਣੇ ਮੈਂਬਰਾਂ ਨੂੰ ਹੱਕ ਦੇਵੇਗੀ? ਕੀ ਉਹ ਇਸ ਅਧਾਰ ਨੂੰ ਲੈ ਕੇ ਤੁਰਨ ਕਿ ਜ਼ਮੀਰ ਦੇ ਹੱਕ ਦੇ ਨਾਲ ਨਾਲ ਸਮਾਜ ਪ੍ਰਤੀ ਵੀ ਫ਼ਰਜ਼ ਬਣਦੇ ਹਨ, ਜਾਂ ਫਿਰ ਇਹ ਸਮਝਣ ਕਿ ਉਨ੍ਹਾਂ ਦਾ ਸਟੈਂਡ ਠੀਕ ਹੈ ਕਿਉਂਕਿ ਉਹ ਅਮਰੀਕਾ ਜਾਂ ਜਰਮਨੀ ਜਾਂ ਜਪਾਨ ਜਾਂ ਕਿਸੇ ਹੋਰ ਮੁਲਕ ਦੇ ਹਾਮੀ ਹਨ? ਮਿਸਾਲ ਲੈ ਲਵੋ, ਇਕ ਅਜੇਹੀ ਸਟੇਟ ਦੀ ਜੋ ਕੌਮੀ ਲਾਇਨਾਂ ਤੋਂ ਅਗਾਂਹ ਜਾ ਕੇ ਸਥਾਪਤ ਕੀਤੀ ਗਈ ਹੋਵੇ, ਜਿਵੇਂ ਕਿ ਬ੍ਰਿਟਿਸ਼ ਸਟੇਟ। ਹੁਣ ਫ਼ਰਜ਼ ਕਰੋ ਕਿ ਇਹ ਸਟੇਟ ਉਨ੍ਹਾਂ ਕੌਮਾਂ ਦੇ ਅਧਿਕਾਰ ਨਹੀਂ ਦਿੰਦੀ ਜੋ ਇਹਦੀਆਂ ਹੱਦਾਂ ਵਿਚ ਵਸਦੀਆਂ ਹਨ ਅਤੇ ਉਨ੍ਹਾਂ ਦੇ ਪਛੜੇਪਨ, ਗ਼ਰੀਬੀ, ਆਰਥਕ ਲੁਟ, ਸਮਾਜਿਕ ਅਤੇ ਸਭਿਆਚਾਰਕ ਬਰਬਾਦੀ ਦਾ ਕਾਰਨ ਬਣੀ ਹੋਈ ਹੈ। ਹੋਰ ਅੱਗੇ ਇਹ ਵੀ ਫ਼ਰਜ਼ ਕਰੋ ਕਿ ਇਸ ਸਟੇਟ ਦੀਆਂ ਹੱਦਾਂ ਵਿਚ ਵਸਦੀਆਂ ਕੌਮਾਂ ਮੰਗ ਕਰਨ ਲੱਗ ਪੈਂਦੀਆਂ ਹਨ ਕਿ ਮੁਲਕ ਦਾ ਨਵੀਨੀਕਰਨ ਕੀਤਾ ਜਾਵੇ ਅਤੇ ਕੌਮੀ ਲੀਹਾਂ ਦੀ ਬੁਨਿਆਦ ਉੱਤੇ ਨਵੀਆਂ ਸਟੇਟਾਂ ਬਣਨ ਜਿਹਦੇ ਬਾਅਦ ਇਨ੍ਹਾਂ ਦੇ ਆਪਸੀ ਸਮਝੌਤੇ ਦੀ ਬੁਨਿਆਦ ਉੱਤੇ ਇਕ ਬਰਾਬਰੀ ਦਾ ਸੰਘ ਬਣੇ। ਸਾਫ਼ ਹੈ ਕਿ ਇਸ ਤਰ੍ਹਾਂ ਦੀ ਮੰਗ ਕਰਨ ਵਾਲੇ ਲੋਕ ਦਾਅਵਾ ਕਰਦੇ ਹਨ ਕਿ, ਹੋਰ ਥਾਂਵਾਂ ਵਾਂਗ, ਬਰਤਾਨੀਆ ਵਾਸਤੇ ਵੀ ਨਵੀਨੀਕਰਨ ਬੜਾ ਜ਼ਰੂਰੀ ਹੈ। ਪਰ ਨਵੀਨੀਕਰਨ ਦੀ ਇਸ ਮੰਗ ਨੂੰ, ਸਾਰਿਆਂ ਲਈ ਬਰਾਬਰ ਹੱਕਾਂ ਦੇ ਅਧਾਰ ਤੇ ਇਕ ਨਵੀਂ ਸਟੇਟ ਸਥਾਪਤ ਕਰਨ ਦੀ ਇਸ ਯੋਜਨਾ ਨੂੰ, ਇਕ ਦੇਸ਼-ਧ੍ਰੋਹ ਗਰਦਾਨਦੇ ਹੋਏ ਸੱਤਾਧਾਰੀ ਤਾਕਤ ਲੋਕਾਂ ਦੇ ਹੱਕਾਂ ਨੂੰ ਖੋਹਣਾ ਸ਼ੁਰੂ ਕਰ ਦਿੰਦੀ ਹੈ ਤੇ ਜਦੋਜਹਿਦ ਨੂੰ ਕੁਚਲਣ ਲਈ ਅਰਾਜਕਤਾ ਅਤੇ ਹਿੰਸਾ ਵਰਤਣ ਲੱਗ ਪੈਂਦੀ ਹੈ। ਹੁਣ ਕਿਆਸ ਕਰੋ ਕਿ, ਇਕ ਪਾਸੇ ਤਾਂ, ਲੋਕਾਂ ਨੂੰ ਵਿਸ਼ਾਲ ਪੈਮਾਨੇ ਤੇ ਤੰਗ ਕੀਤਾ ਜਾ ਰਿਹਾ ਹੈ ਤੇ ਦੂਸਰੇ ਪਾਸੇ ਕੁਝ ਅੰਤਰਰਾਸ਼ਟਰੀ ਤਾਕਤਾਂ ਜਾਂ ਤਾਕਤ ਇਸ ਸਥਿਤੀ ਦਾ ਫ਼ਾਇਦਾ ਉਠਾਉਂਦੇ ਹਨ ਤੇ ਅਰਾਜਕਤਾ ਅਤੇ ਹਿੰਸਾ ਦੀ ਸਹਾਇਤਾ ਲਈ ਪੈਸਾ ਦੇਣਾ ਸ਼ੁਰੂ ਕਰ ਦਿੰਦੇ ਹਨ। ਇਸ ਨਾਲ ਸਾਰਿਆਂ ਤੋਂ ਪਹਿਲਾਂ ਲੋਕਾਂ ਦੇ ਉਦੇਸ਼ਾਂ ਨੂੰ, ਉਨ੍ਹਾਂ ਦੇ ਜ਼ਮੀਰ ਦੇ ਹੱਕ ਨੂੰ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਹੀ ਨੁਕਸਾਨ ਪਹੁੰਚੇਗਾ। ਸੰਸਾਰ ਦੇ ਕਈ ਹਿਸਿਆਂ ਵਿਚ ਬਿਲਕੁਲ ਇਹੋ ਕੁਝ ਹੀ ਹੋ ਰਿਹਾ ਹੈ। ਇਹਦੀ ਇਕ ਮਿਸਾਲ ਯੂਗੋਸਲਾਵੀਆ ਹੈ ਪਰ ਸਿਰਫ਼ ਯੂਗੋਸਲਾਵੀਆ ਹੀ ਨਹੀਂ ਹੋਰ ਥਾਂਵਾਂ ਵੀ ਹਨ। ਯੂਗੋਸਲਾਵੀਆ ਦੀ ਫੈਡਰੇਸ਼ਨ ਦਿਨਾਂ ਵਿਚ ਹੀ ਟੁੱਟ ਗਈ ਕਿਉਂਕਿ ਸੱਤਾਧਾਰੀ ਤਾਕਤ ਨੇ ਲੋਕਾਂ ਦੇ ਜ਼ਮੀਰ ਦੇ ਹੱਕ ਨੂੰ ਨਹੀਂ ਗੌਲਿਆ ਤੇ ਕੌਮਾਂ ਦੇ ਸਵੈ-ਨਿਰਣੇ ਦੇ ਹੱਕ ਦਾ ਅਪਮਾਨ ਕੀਤਾ। ਇਸਨੇ ਆਪਣੀਆਂ ਮੈਂਬਰ ਰਿਪਬਲਿਕਾਂ ਅਤੇ ਇਸ ਫੈਡਰੇਸ਼ਨ ਅੰਦਰ ਵਸਣ ਵਾਲੇ ਲੋਕਾਂ ਵੱਲ ਆਪਣੇ ਫ਼ਰਜ਼ਾਂ ਨੂੰ ਪੂਰਾ

ਨਹੀਂ ਕੀਤਾ। ਯੂਗੋਸਲਾਵੀਆ ਨੇ ਬਰਬਾਦੀ ਦਾ ਰਾਹ ਚੁਣ ਲਿਆ ਪਰ ਨਵੀਨੀਕਰਨ ਦਾ ਰਾਹ ਨਹੀਂ ਚੁਣਿਆਂ। ਤੇ ਉਹ ਤਾਕਤਾਂ ਜੋ ਯੂਗੋਸਲਾਵੀਆ ਦੇ ਟੋਟੇ ਹੋਏ ਵੇਖਣ ਦੀਆਂ ਚਾਹਵਾਨ ਸਨ, ਉਨ੍ਹਾਂ ਇਸ ਸਥਿਤੀ ਦਾ ਪੂਰਾ ਪੂਰਾ ਲਾਭ ਉਠਾ ਲਿਆ।

ਮੇਰਾ ਇਹ ਦਾਅਵਾ ਹੈ ਕਿ ਜੇ ਜ਼ਮੀਰ ਦੇ ਅਧਿਕਾਰ ਵਰਗੇ ਇਨ੍ਹਾਂ ਬੁਨਿਆਦੀ ਸਵਾਲਾਂ ਦਾ ਖਿਆਲ ਨਾ ਰੱਖਿਆ ਗਿਆ ਤਾਂ, ਸਰਦ ਜੰਗ ਦਾ ਅੰਤ, ਨਵੀਨੀਕਰਨ ਦੇ ਰਾਹ ਪਾਉਣ ਦੀ ਥਾਂ, ਸਾਨੂੰ ਸੈਂਕੜੇ ਸਾਲ ਪਿਛੇ ਪਟਕਾ ਮਾਰੇਗਾ। ਮਨੁੱਖੀ ਅਧਿਕਾਰਾਂ ਦੀ ਜਦੋਜਹਿਦ, ਇਨਸਾਨੀ ਹਸਤੀ ਦੇ ਸਤਿਕਾਰ ਅਤੇ ਤਰੱਕੀ ਨੂੰ ਬਹੁਤ ਵੱਡੀ ਸੱਟ ਵੱਜੇਗੀ। ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਲੱਖਾਂ ਲੋਕ ਮੌਤ ਦੇ ਘਾਟ ਉੱਤਰਨਗੇ ਤੇ ਬਹੁਤ ਜ਼ਿਆਦਾ ਬਰਬਾਦੀ ਹੋਵੇਗੀ। ਜ਼ਮੀਰ ਦਾ ਹੱਕ, ਜੋ ਕਈ ਦਫ਼ਾ ਮਹਿਜ਼ ਇਕ ਸੰਵਿਧਾਨਕ ਮੰਗ ਅਤੇ ਨਿਆਇਕ ਮਸਲੇ ਵਜੋਂ ਹੀ ਪੇਸ਼ ਕੀਤਾ ਜਾਂਦਾ ਹੈ, ਲੋਕਾਂ ਨੂੰ ਅਸਲੀ ਤੌਰ ਤੇ ਮਿਲਦਾ ਹੈ ਕਿ ਨਹੀਂ, ਦਰਅਸਲ ਨਿਰਣਾ ਕਰੇਗਾ ਕਿ ਕੋਈ ਲੋਕ ਬਚਦੇ ਹਨ ਕਿ ਮਰਦੇ ਹਨ। ਸਟੇਟ ਦੇ ਖ਼ਾਸੇ, ਇਸਦੇ ਸੰਗਠਨ ਦੇ ਰੂਪ ਅਤੇ ਆਰਥਕ ਸਿਸਟਮ ਦੇ ਨਾਲ ਨਾਲ ਜ਼ਮੀਰ ਦਾ ਹੱਕ ਵੀ ਸਾਡੇ ਸਮੇਂ ਦਾ ਬੁਨਿਆਦੀ ਸੁਆਲ ਹੈ। ਇਹਦੀ ਮਹੱਤਤਾ ਸਗੋਂ ਬਹੁਤੀ ਹੈ।

ਵਿਸ਼ਵ ਵਿਚ ਅਤੇ ਹਿੰਦੁਸਤਾਨ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਵੇਖਿਆ ਜਾ ਸਕਦਾ ਹੈ ਕਿ ਨਵੀਨੀਕਰਨ ਬਗੈਰ ਛੁਟਕਾਰਾ ਨਹੀਂ ਪਰ ਜ਼ਮੀਰ ਦੇ ਹੱਕ ਬਗੈਰ ਨਵੀਨੀਕਰਨ ਹੋਣਾ ਮੁਮਕਿਨ ਨਹੀਂ ਹੈ। ਇਸ ਵੇਲੇ ਇਹ ਗੱਲ ਕਹਿਣ ਦੀ ਬੜੀ ਲੋੜ ਹੈ ਕਿਉਂਕਿ ਦੂਸਰੀ ਸੰਸਾਰ ਜੰਗ ਮਗਰੋਂ ਦੇ ਚਾਲੀ ਸਾਲਾਂ ਦਾ ਤਜਰਬਾ ਦੱਸਦਾ ਹੈ ਕਿ ਲੋਕਾਂ ਨੂੰ ਜ਼ਮੀਰ ਦੇ ਹੱਕ ਤੋਂ ਮਹਿਰੂਮ ਕਰਨ ਨਾਲ ਸੱਤਾਧਾਰੀ ਤਾਕਤ ਦੀ ਪੂਜਾ ਹੋਣ ਲੱਗ ਪੈਂਦੀ ਹੈ ਤੇ ਹਾਲਾਤ ਨੂੰ ਇਕ ਐਸਾ ਇਸ਼ਟ-ਦੇਵਤਾ ਸਮਝ ਲਿਆ ਜਾਂਦਾ ਹੈ ਜਿਹਨੂੰ ਬਦਲਿਆ ਨਹੀਂ ਜਾ ਸਕਦਾ।

ਆਖ਼ਰ ਵਿਚ, ਅਧਿਕਾਰ ਹਕੀਕਤ ਦਾ ਰੂਪ ਤਦ ਹੀ ਲੈ ਸਕਦੇ ਹਨ ਜੇ ਉਹ ਮਸਲੇ ਹੱਲ ਕੀਤੇ ਜਾਣ ਜੋ ਸਮਾਜ ਨੂੰ ਦਰਪੇਸ਼ ਹਨ, ਕਿਉਂਕਿ ਲੋਕਾਂ ਦੀ ਆਰਥਕ ਭਲਾਈ, ਅਮਨ, ਖ਼ੁਸ਼ਹਾਲੀ, ਅਤੇ ਕੌਮਾਂ ਤੇ ਲੋਕਾਂ ਵਿਚ ਆਪਸੀ ਸੁਰਮੇਲ ਬਗੈਰ ਅਧਿਕਾਰ ਸਿਰਫ਼ ਕਾਗ਼ਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਜਾਂਦੇ ਹਨ। ਹੱਕ ਹਕੀਕਤ ਤਦ ਹੀ ਬਣਨਗੇ ਜਦ ਸੱਤਾਧਾਰੀ ਤਾਕਤ ਸਥਿਤੀ ਨੂੰ ਲੋਕਾਂ ਦੇ ਹਿਤ ਵਿਚ ਬਦਲੇਗੀ ਤੇ ਲੋਕ ਆਪਣੇ ਫ਼ਰਜ਼ ਦਾ ਪਾਲਣ ਕਰਦੇ ਹੋਏ ਸਤਾ ਨੂੰ ਇੰਜ ਕਰਨ ਲਈ ਮਜਬੂਰ ਕਰਨਗੇ। ਲੋਕ ਆਪਣਾ ਫ਼ਰਜ਼ ਤਦ ਹੀ ਨਿਭਾ ਸਕਦੇ ਹਨ ਜੇ ਉਨ੍ਹਾਂ ਨੂੰ ਜ਼ਮੀਰ ਦਾ ਹੱਕ ਹੋਵ। ਸੋ ਜ਼ਮੀਰ ਦੇ ਹੱਕ ਲਈ ਇਹ ਜਦੋਜਹਿਦ, ਇਕ ਐਸਾ ਧੁਰਾ ਹੈ ਜਿਹਦੇ ਉੱਤੇ ਸੰਸਾਰ ਦੀ ਭਲਾਈ ਅਤੇ ਤਰੱਕੀ ਦਾ ਕੰਮ ਟਿਕਿਆ ਹੋਇਆ ਹੈ।

ਹਰਦਿਆਲ ਬੈਂਸ
9 ਮਈ 1992